ਡਿਜੀਟਲ ਦੋਮਾਹੀ ਪੱਤਰ ਅੰਕ: 4, ਨੰ: 6 (ਨਵੰਬਰ-ਦਸੰਬਰ, 2024)

www.gadvasu.in

# ਪਸ਼ੂ ਪਾਲਣ ਸੁਨੇਹੇ



## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

'PASHU PALAN SUNEHE' Vol. 4 No. 6 (November- December, 2024)

**ਸੰਪਾਦਕੀ ਬੋਰਡ**

**ਚੇਅਰਮੈਨ**
ਡਾ. ਪਰਕਾਸ਼ ਸਿੰਘ ਬਰਾੜ
(ਨਿਰਦੇਸ਼ਕ ਪਸਾਰ ਸਿੱਖਿਆ)

**ਮੈਂਬਰ**
ਡਾ. ਮੀਰਾ ਡੀ. ਆਂਸਲ
ਡਾ. ਜਸਪਾਲ ਸਿੰਘ ਹੁੰਦਲ
ਡਾ. ਹਰਕੀਰਤ ਸਿੰਘ
ਡਾ. ਇੰਦਰਪ੍ਰੀਤ ਕੌਰ

**ਸੰਪਾਦਕ**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ

**ਸੰਪਰਕ**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ
ਐਂਡ ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ
0161-2553364
deegadvasuldh@gmail.com

**ਯੂਟਿਊਬ ਚੈਨਲ**

SCAN

## ਆਬੋ ਹਵਾ ਅਤੇ ਪੰਜਾਬ

ਅੱਜ ਵਾਵਾਂ ਕਿਸ ਨੇ ਕੀਲੀਆਂ, ਤੇ ਕਿਸ ਨੇ ਕੀਲੇ ਆਬ
ਸੀ ਸਿਰ ਕੱਢਣਾ ਜੋ ਮੁਲਕ ਚੋਂ, ਅੱਜ ਫਿਕੜਾ ਰੰਗ ਪੰਜਾਬ
( ਕਰਨਜੀਤ ਕੋਮਲ ਦੀ ਕਿਤਾਬ "ਬਰਕਤ" ਚੋ )

ਉਪਰੋਕਤ ਸਤਰਾਂ ਪੰਜਾਬ ਦੇ ਅਜੋਕੇ ਹਾਲਾਤਾਂ ਨੂੰ ਬਿਆਨ ਕਰਦੀਆਂ ਨੇ। ਪਾਣੀ ਗੰਦਲੇ ਹੋ ਗਏ ਨੇ, ਹਵਾ ਧੁਆਂਖੀ ਪਈ ਹੈ, ਗੱਭਰੂ ਸ਼ਬਦ ਵਰਗਾ ਨੌਜਵਾਨ ਤਾਂ ਕਿਤੇ ਲੱਭਦਾ ਹੀ ਨਹੀਂ। ਸਿਹਤਾਂ ਵੀ ਪਹਿਲਾਂ ਵਰਗੀਆਂ ਨਹੀਂ ਰਹੀਆਂ। ਬਾਕੀ ਗੱਲਾਂ ਛੱਡੋ, ਦੁੱਧ ਘਿਓ ਲਈ ਮਸ਼ਹੂਰ ਪੰਜਾਬ ਵਿੱਚ ਹੁਣ ਹਰ ਕੋਈ ਖਾਲਸ ਦੁੱਧ ਘਿਓ ਲੱਭ ਰਿਹਾ ਹੈ।ਕਿਸਾਨ, ਕਿਸਾਨੀ ਛੱਡਣ ਲਈ ਮਜਬੂਰ ਹੋ ਰਹੇ ਨੇ। ਹਰ ਪਾਸੇ ਬੇਚੈਨੀ ਫ਼ੈਲੀ ਹੋਈ ਹੈ। ਲੱਗਦਾ ਮੇਰੇ ਪੰਜਾਬ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ। ਲਿਖਣ ਵੇਲੇ ਪੰਜਾਬ ਦੀ ਹਵਾ ਵਿੱਚ ਪ੍ਰਦੂਸ਼ਣ ਦਾ ਲੈਵਲ ਕਾਫੀ ਉੱਚ ਪੱਧਰ 'ਤੇ ਪਹੁੰਚਿਆ ਹੋਇਆ ਹੈ। ਇਕੱਲਾ ਪੰਜਾਬ ਹੀ ਨਹੀਂ, ਸਗੋਂ, ਹਰਿਆਣਾ, ਦਿੱਲੀ ਅਤੇ ਖਾਸ ਕਰਕੇ ਨਾਲ ਲਗਦੇ ਗੁਆਂਢੀ ਮੁਲਕ ਦੇ ਲਹੌਰ ਸ਼ਹਿਰ ਦੀ ਹਾਲਤ ਬਹੁਤ ਨਾਜ਼ੁਕ ਬਣੀ ਹੋਈ ਹੈ। ਮਨੁੱਖਾਂ ਅਤੇ ਪਸ਼ੂਆਂ ਦੀ ਬਹੁਤ ਬੁਰੀ ਹਾਲਤ ਹੈ। ਹਾਲਾਂਕਿ ਪਰਾਲੀ ਨੂੰ ਅੱਗ ਲਾਉਣ ਵਾਲਾ ਰੁਝਾਨ ਕਾਫ਼ੀ ਹੱਦ ਤੱਕ ਘਟਿਆ ਹੈ ਪਰ ਫ਼ਿਰ ਵੀ ਇਸ ਸਾਰੇ ਪ੍ਰਦੂਸ਼ਣ ਦਾ ਭਾਂਡਾ ਪੰਜਾਬ ਦੇ ਕਿਸਾਨਾ ਸਿਰ ਭੰਨਿਆ ਜਾਂਦਾ ਹੈ। ਕੀ ਵਾਕਿਆ ਹੀ ਇਸ ਤਰ੍ਹਾਂ ਹੈ, ਇਹ ਸੋਚਣ ਦੀ ਲੋੜ ਹੈ? ਥਾਪਮਾਨ ਵਿੱਚ ਗਰਾਵਟ, ਰਾਤਾਂ ਦਾ ਤਾਪਮਾਨ ਜ਼ਿਆਦਾ ਡਿੱਗਣਾ, ਹਵਾ ਦੀ ਦਿਸ਼ਾ ਅਤੇ ਪ੍ਰਵਿਹਨ ਗਤੀ, ਗੁਆਂਢੀ ਮੁਲਕ ਵਿੱਚਲੀ ਪ੍ਰਸਥਿਤੀ, ਵਾਹਨਾਂ ਅਤੇ ਉਦਯੋਗਾਂ ਦਾ ਧੂੰਆਂ ਆਦਿ ਵੀ ਇਸ ਦੇ ਕਾਰਨ ਹੋ ਸਕਦੇ ਹਨ। ਸਿਰਫ਼ ਪੰਜਾਬ ਨੂੰ ਕਿਉਂ ਦੋਸ਼ੀ ਬਣਾਇਆ ਜਾਂਦਾ ਹੈ। ਪਰਾਲੀ ਦੇ ਨਾਲ ਨਾਲ ਹੋਰਾਂ ਕਾਰਨਾਂ 'ਤੇ ਧਿਆਨ ਦੇਣ ਦੀ ਜ਼ਿਆਦਾ ਜ਼ਰੂਰਤ ਜਾਪਦੀ ਹੈ। ਹੋਰਾਂ ਕਾਰਨਾਂ ਤੋਂ ਪ੍ਰਦੂਸ਼ਣ ਘੱਟ ਕਰਨ ਲਈ ਕੁਝ ਕੁ ਉਪਰਾਲੇ ਇਸ ਤਰ੍ਹਾਂ ਹੋ ਸਕਦੇ ਹਨ।ਜ਼ਿਆਦਾ ਪ੍ਰਦੂਸ਼ਣ ਵਾਲੇ ਉਦਯੋਗਾਂ (ਲਾਲ/ਸੰਤਰੀ ਸ਼ੇਣੀ) ਨੂੰ 5 ਵਜੇ ਤੋਂ ਬਾਅਦ ਬੰਦ ਕਰ ਦੇਣਾ, ਕਿਉਂਕਿ ਸ਼ਾਮ ਵੇਲੇ ਤਾਪਮਾਨ ਵਿੱਚ ਗਿਰਾਵਟ ਕਰਕੇ ਧੂੰਆਂ ਹੇਠਾਂ ਬੈਠਣਾ ਸ਼ੁਰੂ ਹੋ ਜਾਂਦਾ ਹੈ।ਹਫ਼ਤੇ ਵਿੱਚ ਇੱਕ ਦਿਨ ਸਾਈਕਲ ਨੂੰ ਤਰਜੀਹ ਦਿਓ।ਆਮ ਵਾਹਨਾਂ 'ਤੇ ਪਾਬੰਦੀ ਤੇ ਸਰਕਾਰੀ ਟਰਾਂਸਪੋਰਟ ਦੀ ਵਰਤੋਂ ਨੂੰ ਤਰਜੀਹ ਦੇਣਾ। ਵੱਧ ਤੋਂ ਵੱਧ ਦਰਖਤ ਲਗਾਉਣਾ ਹਰੇਕ ਵਿਅਕਤੀ ਨੂੰ ਇਸ ਬਾਰੇ ਸਮਝਣਾ ਪੈਣਾ, ਜਾਗਰੂਕ ਹੋਣਾ ਪੈਣਾ, ਇਕੱਠਿਆਂ ਹੋਣਾ ਪੈਣਾ ਤਾਂ ਹੀ ਅਸੀਂ ਆਪਣੇ ਰੰਗਲੇ ਪੰਜਾਬ ਨੂੰ ਬਚਾਅ ਸਕਦੇ ਹਾਂ। (ਸੰਪਾਦਕ)

## ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ ਉਪ-ਕੁਲਪਤੀ ਦਾ ਅਹੁਦਾ ਸੰਭਾਲਿਆ

ਡਾ. ਜਤਿੰਦਰ ਪਾਲ ਸਿੰਘ ਗਿੱਲ ਨੇ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਉਪ-ਕੁਲਪਤੀ ਵਜੋਂ ਕਾਰਜਭਾਰ ਸੰਭਾਲ ਲਿਆ ਹੈ।



ਡਾ. ਗਿੱਲ ਇਕ ਉੱਘੇ ਸਿੱਖਿਆ ਸ਼ਾਸਤਰੀ ਅਤੇ ਨਾਮਵਰ ਖੋਜਕਾਰ ਵਜੋਂ 34 ਸਾਲ ਤੋਂ ਵਧੇਰੇ ਸਮੇਂ ਤੋਂ ਵੈਟਨਰੀ ਸਿੱਖਿਆ, ਖੋਜ ਅਤੇ ਪ੍ਰਸ਼ਾਸਨ ਵਿਚ ਯੋਗਦਾਨ ਦੇ ਰਹੇ ਹਨ। ਡਾ. ਗਿੱਲ ਨੂੰ ਵਿਭਿੰਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਤੋਂ ਵੱਕਾਰੀ ਸਨਮਾਨ ਅਤੇ ਪ੍ਰਸੰਸਾ ਮਿਲ ਚੁੱਕੀ ਹੈ।

ਡਾ. ਗਿੱਲ ਨੇ ਆਪਣਾ ਅਹੁਦਾ ਸੰਭਾਲਦਿਆਂ ਕਿਹਾ ਕਿ ਉਹ ਅਧਿਆਪਕਾਂ ਅਤੇ ਕਰਮਚਾਰੀ ਸਾਥੀਆਂ ਨੂੰ ਪੂਰਾ ਸਹਿਯੋਗ ਦੇਣਗੇ ਅਤੇ ਉਨ੍ਹਾਂ ਦਾ ਪੂਰਾ ਯੋਗਦਾਨ ਚਾਹੁਣਗੇ। ਉਨ੍ਹਾਂ ਨੇ ਸੰਬੰਧਿਤ ਮਹਿਕਮਿਆਂ ਅਤੇ ਵਿਭਾਗਾਂ ਕੋਲੋਂ ਵੀ ਪੂਰਨ ਸਹਿਯੋਗ ਦੀ ਆਸ ਪ੍ਰਗਟਾਈ।

## ਫ਼ਿਸ਼ਰੀਜ਼ ਕਾਲਜ ਨੇ ਹਰਿਦੁਆਰ ਦੇ ਉੱਦਮੀਆਂ ਨੂੰ ਸਿੱਖਿਅਤ ਕੀਤਾ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੇ ਕਾਲਜ ਆਫ ਫ਼ਿਸ਼ਰੀਜ਼ ਵੱਲੋਂ ਉਤਰਾਖੰਡ ਰਾਜ ਵੱਲੋਂ ਪ੍ਰਾਯੋਜਿਤ, ਹਰਿਦੁਆਰ ਦੇ ਮੱਛੀ ਪਾਲਕ ਕਿਸਾਨ ਉਦਮੀਆਂ ਲਈ ਤਿੰਨ ਦਿਨ ਦਾ ਸਮਰੱਥਾ ਉਸਾਰੀ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮੂਹ ਦੀ ਅਗਵਾਈ ਸ਼੍ਰੀ ਜੈਪ੍ਰਕਾਸ਼ ਭਾਸਕਰ ਸੀਨੀਅਰ ਮੱਛੀ ਪਾਲਣ ਅਧਿਕਾਰੀ, ਹਰਿਦੁਆਰ ਨੇ ਕੀਤਾ। ਇਹ ਸਿਖਲਾਈ, ਮੱਛੀ ਪਾਲਣ ਵਿੱਚ ਪਹਿਲਾਂ ਕੰਮ ਕਰ ਰਹੇ ਕਿਸਾਨਾਂ ਨੂੰ ਉਨੱਤ ਢੰਗ ਦੀਆਂ ਤਕਨੀਕਾਂ ਸਿਖਾਉਣ ਅਤੇ ਗਿਆਨ ਦੇਣ ਵਾਸਤੇ ਕਰਵਾਈ ਗਈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਿਸਾਨਾਂ ਨੂੰ ਕਾਰਪ ਮੱਛੀ ਪਾਲਣ, ਪੰਗਾਸ ਮੱਛੀ ਪਾਲਣ ਅਤੇ ਤਾਜ਼ੇ ਪਾਣੀ ਦਾ ਝੀਂਗਾ ਪਾਲਣ, ਸਜਾਵਟੀ ਮੱਛੀ ਪਾਲਣ ਅਤੇ ਬਾਇਓਫਲਾਕ ਤੇ ਰੀਸਰਕੁਲੇਟਰੀ ਐਕੁਆਕਲਚਰ ਸਿਸਟਮ ਬਾਰੇ ਦੱਸਿਆ ਗਿਆ।





## ਦੁੱਧ ਨੂੰ ਠੰਡਾ ਕਰਨ ਦੀ ਜ਼ਰੂਰਤ ਕਿਉਂ?

ਦੁੱਧ ਦਾ ਸ਼ੀਤਲੀਕਰਨ ਦੁੱਧ ਨੂੰ ਲੰਬੇ ਸਮੇਂ ਤੱਕ ਵਰਤਣ ਯੋਗ ਰੱਖਣ ਦਾ ਸਭ ਤੋਂ ਉੱਤਮ ਤਰੀਕਾ ਹੈ।ਇਸ ਲਈ ਅਜਿਹੀ ਤਕਨਾਲੋਜੀ ਦਾ ਵਿਕਾਸ ਕਰਨ ਦੀ ਲੋੜ ਹੈ ਜੋ ਕਿਸਾਨਾਂ ਲਈ ਸਸਤੇ, ਵਰਤੋਂ ਚ' ਅਸਾਨ ਅਤੇ ਚੁਆਈ ਤੋਂ ਤੁਰੰਤ ਬਾਅਦ ਪ੍ਰਾਪਤ ਦੁੱਧ ਨੂੰ ਬਿਨ੍ਹਾਂ ਕਿਸੇ ਨੁਕਸਾਨ ਦੇ ਠੰਡਾ ਕਰਨ ਵਿੱਚ ਸਹਾਈ ਹੋਵੇ।

ਦੁੱਧ ਨੂੰ ਠੰਡਾ ਕਰਨ ਨਾਲ ਪ੍ਰਾਪਤ ਹੋਣ ਵਾਲੇ ਲਾਭ ਇਸ ਤਰ੍ਹਾਂ ਹਨ:

| | |
|---|---|
| ਦੁੱਧ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਨ ਵਾਲੇ ਜੀਵਾਣੂਆਂ ਦੇ ਵਿਕਾਸ ਵਿੱਚ ਰੁਕਾਵਟ | ਦੁੱਧ ਦੀ ਕੁਆਲਟੀ ਵਿੱਚ ਸੁਧਾਰ |
| ਦੁੱਧ ਦੇ ਸਵਾਦ ਅਤੇ ਭੰਡਾਰਨ ਸਮੇਂ ਵਿੱਚ ਵਾਧਾ | ਦੁੱਧ ਤੋਂ ਬਣਨ ਵਾਲੇ ਪਦਾਰਥਾਂ ਦੇ ਉਤਪਾਦ ਵਿੱਚ ਵਾਧਾ |
| ਕਿਸਾਨਾਂ ਦੇ ਮੁਨਾਫੇ ਨੂੰ ਵਧਾਉਣ ਵਿੱਚ ਸਹਾਇਕ | ਖਪਤਕਾਰਾਂ ਨੂੰ ਸਿਹਤਮੰਦ ਰੱਖਣ ਵਿੱਚ ਸਹਾਇਕ |

ਕਿਉਂਕਿ ਘਰੇਲੂ ਜਾਂ ਪਿੰਡ ਪੱਧਰ ਤੇ ਇੱਕਠੇ ਕੀਤੇ ਦੁੱਧ ਦੀ ਮਾਤਰਾ ਘੱਟ ਹੁੰਦੀ ਹੈ ਇਸ ਲਈ ਵੱਡੀਆਂ ਮਸ਼ੀਨਾਂ ਜਿਵੇਂ ਕਿ ਬੀ. ਐਮ. ਸੀ. ਜੋ ਕਿ ਮਹਿੰਗੀਆਂ ਹੋਣ ਦੇ ਨਾਲ ਨਾਲ ਬਿਜਲੀ ਤੇ ਨਿਰਭਰ ਕਰਦੀਆਂ ਹਨ, ਦੇ ਨਾਲ ਦੁੱਧ ਠੰਡਾ ਕਰਨਾ ਮੁਸ਼ਕਿਲ ਹੁੰਦਾਂ ਹੈ। ਇਸ ਸਮੱਸਿਆ ਦੇ ਸਮਾਧਾਨ ਲਈ ਜਰੂਰੀ ਹੈ ਕਿ ਅਜਿਹੇ ਉਪਕਰਨ ਦਾ ਵਿਕਾਸ ਕੀਤਾ ਜਾਵੇ ਜਿਸ ਵਿੱਚ ਦੁੱਧ ਨੂੰ ਠੰਡਾ ਕਰ ਕੇ ਲੰਮੇ ਸਮੇਂ ਤੱਕ ਸਟੋਰ ਕਰਨ ਦੀ ਸਹੂਲਤ ਹੋਵੇ ਅਤੇ ਦੁੱਧ ਦੀ ਢੋਆ- ਢੁਆਈ ਚ ਸਮਾਂ ਅਤੇ ਮਿਹਨਤ ਘੱਟ ਲਗੇ।ਛੋਟੇ ਪੱਧਰੀ ਕਿਸਾਨਾਂ ਦੀ ਦੁੱਧ ਠੰਡਾ ਕਰਨ ਦੀ ਜਰੂਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵਲੋਂ ਅਜਿਹੇ ਉਪਕਰਨ ਦਾ ਵਿਕਾਸ ਕੀਤਾ ਗਿਆ ਹੈ ਜਿਸ ਨਾਲ ਦੁੱਧ ਨੂੰ ਘੱਟ ਬਿਜਲੀ ਖਪਤ ਨਾਲ ਲਗਭਗ 2 ਘੰਟਿਆਂ ਵਿੱਚ 4 ਡਿਗਰੀ ਸੈਲਸੀਅਸ ਤੇ ਠੰਡਾ ਕੀਤਾ ਜਾ ਸਕਦਾ ਹੈ ।ਇਸ ਡਿਜ਼ਾਇਨ ਕੀਤੇ ਉਪਕਰਨ ਜਾਂ ਮਸ਼ੀਨ ਦੀ ਸਮਰੱਥਾ ਕੇਵਲ 40 ਲਿਟਰ ਹੈ ਜਿਸ ਨੂੰ ਲੋੜ ਮੁਤਾਬਿਕ 100 ਲਿਟਰ ਤੱਕ ਵਧਾਇਆ ਜਾ ਸਕਦਾ ਹੈ। ਛੋਟੇ ਜਾਂ ਮੱਧ ਵਰਗੀ ਕਿਸਾਨਾਂ ਜਿਨ੍ਹਾਂ ਕੋਲ ਔਸਤ 1-2 ਪਸ਼ੂ ਹੁੰਦੇ ਹਨ ਅਤੇ ਜਿਨ੍ਹਾਂ ਦਾ ਪ੍ਰਤੀਦਿਨ ਦੁੱਧ ਉਤਪਾਦ 30-40 ਲਿਟਰ ਹੁੰਦਾ ਹੈ, ਲਈ ਇਹ ਮਸ਼ੀਨ ਕਾਫੀ ਲਾਹੇਵੰਦ ਹੈ।ਇਸ ਉਪਕਰਨ ਦੀ ਤਾਪਮਾਨ ਸਥਿਰਤਾ 4 ਡਿਗਰੀ ਸੈਲਸੀਅਸ ਤੇ 12 ਘੰਟਿਆਂ ਲਈ ਹੈ ਇਸ ਲਈ ਸ਼ਾਮ ਦੋਰਾਨ ਚੁਆਈ ਉਪਰੰਤ ਪ੍ਰਾਪਤ ਦੁੱਧ ਨੂੰ ਇਸ ਵਿੱਚ ਅਗਲੀ ਸਵੇਰ ਦੀ ਦੁੱਧ ਚੁਆਈ ਤੱਕ ਬਿਨ੍ਹਾਂ ਖਰਾਬ ਹੋਏ ਸੰਭਾਲਿਆ ਜਾ ਸਕਦਾ ਹੈ।ਕੇਵਲ ਇਹੀ ਨਹੀਂ ਮਸ਼ੀਨ ਦੀ ਖਾਸ ਬਣਤਰ ਕਾਰਨ ਇਸ ਦੀ ਸਾਫ ਸਫਾਈ ਸੋਖਾਲੇ ਢੰਗ ਨਾਲ ਕੀਤੀ ਜਾ ਸਕਦੀ ਹੈ। ਕਿਉਂਕਿ ਮਸ਼ੀਨ ਆਕਾਰ ਵਿੱਚ ਛੋਟੀ ਹੋਣ ਦੇ ਨਾਲ ਨਾਲ ਵਰਤੋਂ 'ਚ ਕਾਫੀ ਅਸਾਨ ਹੈ, ਇਸ ਦੀ ਸਾਂਭ ਸੰਭਾਲ ਲਾਗਤ ਵੀ ਘੱਟ ਹੈ।ਇਸ ਵਿੱਚ ਦੁੱਧ ਨੂੰ ਆਸਾਨੀ ਨਾਲ ਪਾਉਣ ਤੇ ਕੱਢਣ ਦਾ ਵੀ ਖਾਸ ਪ੍ਰਬੰਧ ਹੈ।ਮਸ਼ੀਨੀ ਬਣਤਰ ਸਟੇਨਲੈਸ ਸਟੀਲ ਤੋਂ ਬਣੀ ਹੋਣ ਕਾਰਨ ਇਸ ਵਿੱਚ ਪਏ ਪੇਅ ਪਦਾਰਥਾਂ ਨੂੰ ਬਿਨ੍ਹਾਂ ਖਰਾਬ ਹੋਏਠੰਡਾ ਕੀਤਾ ਜਾ ਸਕਦਾ ਹੈ। ਇਸ ਮਸ਼ੀਨ ਤੋਂ ਪ੍ਰਾਪਤ ਹੋਣ ਵਾਲੇ ਲਾਭ ਕੁਝ ਇਸ ਪ੍ਰਕਾਰ ਹਨ:

1) ਦੁੱਧ ਜਾਂ ਹੋਰ ਪੇਅ ਪਦਾਰਥਾਂ ਨੂੰ ਨਿਰਧਾਰਿਤ ਤਾਪਮਾਨ ਤੇ ਘੱਟ ਸਮੇਂ ਵਿੱਚ ਠੰਡਾ ਕਰਨ ਚ ਸਮਰੱਥ।
2) ਛੋਟੇ ਜਾਂ ਮੱਧ ਵਰਗੀ ਕਿਸਾਨਾਂ ਦੀ ਦੁੱਧ ਠੰਡਾ ਕਰਨ ਦੀ ਜਰੂਰਤ ਚ ਸਹਾਈ।
3) ਬਿਜਲੀ ਅਤੇ ਸਾਂਭ ਸੰਭਾਲ ਲਾਗਤ ਵਿੱਚ ਕਮੀ।
4) ਵਰਤੋਂ ਅਤੇ ਸਾਂਭ ਸੰਭਾਲ ਚ ਅਸਾਨ।
5) ਸਮੇਂ ਅਤੇ ਢੋਆ- ਢੋਆਈ ਦੀ ਲਾਗਤ ਵਿੱਚ ਬਚੱਤ।
6) ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ ਦੇ ਸਵਾਦ ਅਤੇ ਭੰਡਾਰਣ ਸਮੇਂ ਵਿੱਚ ਵਾਧਾ ।
7) ਕਿਸਾਨਾਂ ਦੇ ਮੁਨਾਫੇ ਨੂੰ ਵਧਾਉਣ ਵਿੱਚ ਸਹਾਇਕ

## ਦੁੱਧ ਨੂੰ ਠੰਡਾ ਕਰਨ ਦੀ ਜ਼ਰੂਰਤ ਕਿਉਂ?

ਮਸ਼ੀਨ ਤੋਂ ਪ੍ਰਾਪਤ ਹੋਣ ਵਾਲੇ ਫਾਇਦਿਆਂ ਨੂੰ ਧਿਆਨ ਵਿੱਚ ਰਖੱਦੇ ਹੋਏਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਵਲੋਂ ਚੱਢਾ ਸੇਲਜ਼ ਪ੍ਰਾਇਵੇਟ ਲਿਮਟਿਡ, ਦਿੱਲੀ ਨਾਲ ਮਿਲ ਕੇ ਕਿਸਾਨਾਂ ਨੂੰ ਮਸ਼ੀਨ ਮੁਹੱਈਆ ਕਰਵਾਉਣ ਦਾ ਖਾਸ ਉਪਰਾਲਾ ਕੀਤਾ ਗਿਆ ਹੈ।ਹੁਣ ਇਸ ਮਸ਼ੀਨ ਨੂੰ ਖਰੀਦਣ ਦੇ ਚਾਹਵਾਨ ਕਿਸਾਨ ਇਸ ਨੂੰ ਆਸਾਨੀ ਨਾਲ ਘੱਟ ਕੀਮਤ ਤੇ ਖਰੀਦ ਸਕਦੇ ਹਨ ਅਤੇ ਦੁੱਧ ਠੰਡਾ ਕਰਨ ਦੀ ਜਰੂਰਤ ਨੂੰ ਪੂਰਾ ਕਰਨ ਦੇ ਨਾਲ ਨਾਲ ਵਧੇਰੇ ਮੁਨਾਫਾ ਕਮਾ ਸਕਦੇ ਹਨ। (ਡਾ. ਅਮਨਦੀਪ ਸ਼ਰਮਾ)



# ਮਿਨਰਲ ਮਿਕਸਚਰ
















ਦੁਧਾਰੂ ਪਸ਼ੂਆਂ ਅਤੇ ਸੂਰਾਂ ਦੀ ਵਧੀਆ ਸਿਹਤ ਅਤੇ ਪ੍ਰਜਨਣ ਲਈ ਮਿਨਰਲ ਮਿਕਸਚਰ ਬਹੁਤ ਲਾਹੇਵੰਦ ਹੈ।

ਯੂਨੀਵਰਿਸਟੀ ਦੇ 'ਕਿਸਾਨ ਸੂਚਨਾ ਕੇਂਦਰ' ਜਾਂ ਪਸ਼ੂ ਅਹਾਰ ਵਿਭਾਗ ਵਿਖੇ ਉਪਲਬਧ ਹੈ।

## ਦੁੱਧ ਵਿੱਚ ਗੁਣਵੱਤਾ ਦੇ ਇਜ਼ਾਫੇ ਦੇ ਤਰੀਕੇ

ਡੇਅਰੀ ਉਤਪਾਦਾਂ ਦੀ ਗੁਣਵਤਾ ਵਿੱਚ ਇਜ਼ਾਫੇ ਦੀ ਕਿਰਿਆ ਭਾਰਤ ਵਿੱਚ ਬਹੁਤ ਪੁਰਾਣੀ ਹੈ। ਅੱਜ ਦੇ ਸਮੇਂ ਵਿੱਚ ਦੁੱਧ ਦੀ ਸਫਾਈ ਯੁਕਤ ਪ੍ਰੋਸੈਸਿੰਗ, ਪੈਕੇਜਿੰਗ ਤੇ ਦੁੱਧ ਤੋਂ ਵੱਖ-ਵੱਖ ਦੁੱਧ ਪਦਾਰਥ ਬਣਾਕੇ ਦੁੱਧ ਦੇ ਮੁੱਲ ਤੇ ਉਸਦੀ ਗੁਣਵੱਤਾ ਵਿੱਚ ਇਜ਼ਾਫਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਦੁੱਧ ਪਦਾਰਥਾਂ ਵਿੱਚ ਸਿਹਤ ਸੰਬੰਧੀ ਤੱਤ ਸ਼ਾਮਿਲ ਕਰਕੇ ਵੀ ਪੌਸ਼ਟਿਕ ਦੁੱਧ ਉਤਪਾਦ ਬਣਾਏ ਜਾ ਸਕਦੇ ਹਨ ਜਿਨ੍ਹਾਂ ਦੀ ਆਉਣ ਵਾਲੇ ਸਮੇਂ ਵਿੱਚ ਬਹੁਤ ਮੰਗ ਹੋ ਸਕਦੀ ਹੈ।ਇਨ੍ਹਾਂ ਸਾਰੇ ਤਰੀਕਿਆਂ ਨਾਲ ਦੇਸ਼ ਵਿੱਚ ਮੱਧ-ਵਰਗੀ ਅਤੇ ਗਰੀਬ ਪਰਿਵਾਰਾਂ ਦੀ ਆਮਦਨ ਤੇ ਜੀਵਨਸ਼ੈਲੀ ਵਿੱਚ ਬਦਲਾਅ ਲਿਆਇਆ ਜਾ ਸਕਦਾ ਹੈ। ਇਸਦੇ ਨਾਲ-ਨਾਲ ਰੋਜਗਾਰ ਦੇ ਮੌਕੇ ਵੀ ਵਧਾਏ ਜਾ ਸਕਦੇ ਹਨ। ਹੇਠ ਲਿਖੇ ਤਰੀਕਿਆਂ ਨਾਲ ਦੁੱਧ ਵਿੱਚ ਗੁਣਵੱਤਾ ਦਾ ਇਜ਼ਾਫਾ ਕੀਤਾ ਜਾ ਸਕਦਾ ਹੈ:

### 1. ਦੁੱਧ ਦੀ ਪ੍ਰੋਸੈਸਿੰਗ

ਮਿਲਕ ਪਲਾਟਾਂ ਵਿੱਚ ਦੁੱਧ ਪਹੁੰਚਣ ਦੇ ਸਾਰ ਹੀ ਪ੍ਰੋਸੈਸ ਹੋਣਾ ਸ਼ੁਰੂ ਹੋ ਜਾਂਦਾ ਹੈ। ਜਦੋਂ ਦੁੱਧ ਮਿਲਕ ਪਲਾਂਟ ਵਿੱਚ ਪਹੁੰਚਦਾ ਹੈ, ਉਸ ਨੂੰ ਜੀਵਾਣੂ ਦੇ ਖਤਰੇ ਤੋਂ ਬਚਾਉਣ ਲਈ ਤੁਰੰਤ 5 ਡਿਗਰੀ ਸੈਲਸੀਅਸ ਤੇ ਠੰਡਾ ਕਰਨਾ ਚਾਹੀਦਾ ਹੈ। ਛੋਟੇ ਕਿਸਾਨ ਦੁੱਧ ਨੂੰ ਵੇਚਣ ਤੋਂ ਪਹਿਲਾ ਦੁੱਧ ਨੂੰ ਛਾਣ ਕੇ ਪੈਕ ਕਰ ਸਕਦੇ ਹਨ। ਦੁੱਧ ਦੀ ਗੁਣਵੱਤਾ ਲਈ ਪਹਿਲਾ ਅਤੇ ਬਹੁਤ ਜ਼ਰੂਰੀ ਪੱਧਰ ਤਾਪ ਦਾ ਉਪਚਾਰ ਕਰਨਾ ਹੈ (ਪੈਕਿੰਗ ਤੋਂ ਪਹਿਲਾ ਪਾਸਚੁਰਾਈਜੇਸ਼ਨ,72°ਛ/15 ਸੈਕਿੰਡ) ਇਸ ਨਾਲ ਦੁੱਧ ਦੇ ਖਰਾਬ ਹੋਣ ਦੀ ਮਿਆਦ 2 ਹਫ਼ਤਿਆ ਲਈ ਜਾ ਵਧਾਈ ਸਕਦੀ ਹੈ।ਦੁੱਧ ਦੀ ਗੁਣਵੱਤਾ ਲਈ ਦੂਜਾ ਪੱਧਰ ਵੱਧ ਤੋਂ ਵੱਧ ਤਾਪ (ਸਟਿਰਲਾਈਲੇਸ਼ਨ ਅਤੇ ਯੂ.ਐਚ.ਟੀ, 135°ਛ/1-2 ਸੈਕਿੰਡ) ਦਾ ਉਪਚਾਰ ਕਰਨ ਵਾਲੀ ਤਕਨੀਕ ਹੈ।ਇਸ ਨਾਲ ਦੁੱਧ ਦੇ ਖਰਾਬ ਹੋਣ ਦੀ ਮਿਆਦ ਕਈ ਮਹੀਨਿਆ ਤੱਕ ਵਧਾਈ ਜਾ ਸਕਦੀ ਹੈ।ਇਹ ਦੋ ਤਕਨੀਕਾਂ ਨਾ ਕੇਵਲ ਸੁਰੱਖਿਅਤ ਉਤਪਾਦ ਪੈਦਾ ਕਰਨਗੀਆਂ ਬਲਕਿ ਅਨੇਕਾ ਕਈ ਦੁੱਧ ਉਤਪਾਦ ਪੈਦਾ ਕਰਨ ਵਿੱਚ ਸਹਾਈ ਹੋਣ ਗਈਆ ਜਿਵੇਂ ਕਿ ਫੁੱਲ ਕ੍ਰੀਮ ਦੁੱਧ, ਸਟੈਂਡਰਡਾਈਜ਼ਡ ਦੁੱਧ,ਟੋਂਡ ਦੁੱਧ, ਡਬਲ ਟੋਂਡ ਦੁੱਧ, ਕਈ ਕਿਸਮ ਦੇ ਸੁਗੰਧਿਤ ਦੁੱਧ,ਸਟਿਰਲਾਈਜ਼ਡ ਦੁੱਧ ਅਤੇ ਯੂ.ਐਚ.ਟੀ ਦੁੱਧ ਆਦਿ।ਸੰਗਠਿਤ ਖੇਤਰਾਂ ਵਿੱਚ, ਸਹਿਕਾਰੀ ਖੇਤਰ ਦੁੱਧ ਦਾ ਇੱਕ ਵੱਡਾ ਹਿੱਸਾ ਬਜ਼ਾਰ ਵਿੱਚ ਵੇਚਦੇ ਹਨ।ਅੱਜ-ਕੱਲ ਬਜ਼ਾਰ ਵਿੱਚ ਕਈ ਬਰਾਂਡ ਉਪਲੱਬਧ ਹਨ ਜਿਵੇਂ ਕਿ ਅਮੂਲ (ਜੀ. ਸੀ. ਐੱਮ.ਐੱਮ.ਐੱਫ), ਵਿਜਿਆ (ਏ.ਪੀ), ਵੇਰਕਾ (ਪੰਜਾਬ), ਸਾਰਸ (ਰਾਜਸਥਾਨ), ਨੰਦਿਨੀ (ਕਰਨਾਟਕਾ), ਮਿਲਮਾ (ਕੇਰਲਾ) ਅਤੇ ਗੋਕੁਲ (ਕੋਹਲਾਪੁਰ), ਸੁਧਾ (ਬਿਹਾਰ) ਅਤੇ ਵੀਟਾ (ਹਰਿਆਣਾ) ਆਦਿ।

### 2. ਦੁੱਧ ਨੂੰ ਡੇਅਰੀ ਉਤਪਾਦਾਂ ਵਿੱਚ ਬਦਲਣਾ

ਗੁਣਵੱਤਾ ਵਿੱਚ ਵਾਧੇ ਦਾ ਇੱਕ ਹੋਰ ਸਾਧਨ ਹੈ ਜਦੋਂ ਦੁੱਧ ਤੋਂ ਕਈ ਦੁੱਧ ਉੱਤਪਾਦ ਬਣਾਏ ਜਾਂਦੇ ਹਨ।ਸੁਗੰਧਿਤ ਦੁੱਧ ਇੱਕ ਅਜਿਹਾ ਉਤਪਾਦ ਹੈ ਜਿਸਦੀ ਬਜ਼ਾਰ ਵਿੱਚ ਜਿਆਦਾ ਮੰਗ ਹੈ।ਕਿਉਂਕਿ ਅੱਜ ਕੱਲ ਉਪਭੋਗਤਾ ਅਪਣੀ ਸਿਹਤ ਸੰਬੰਧੀ ਜਿਆਦਾ ਜਾਗਰੂਕ ਹਨ ਇਸ ਕਰਕੇ ਉਹ ਬਾਕੀ ਡ੍ਰਿੰਕਸ ਦੇ ਮੁਕਾਬਲੇ ਇਸਨੂੰ ਚੁਣਦੇ ਹਨ।ਬਾਕੀ ਕਾਰਬੋਨੇਟਿਡ ਡ੍ਰਿੰਕਸ ਦੇ ਮੁਕਾਬਲੇ ਸੁਗੰਧਿਤ ਦੁੱਧ ਨੂੰ ਜਿਆਦਾ ਮਹੱਤਤਾ ਦਿੱਤੀ ਜਾਂਦੀ ਹੈ ਅਤੇ ਵਧੀਆ ਪੈਕੇਜਿੰਗ ਨਾਲ ਇਸਦੀ ਗੁਣਵੱਤਾ ਨੂੰ ਵਧਾਇਆ ਜਾ ਸਕਦਾ ਹੈ।ਉਦਾਹਰਣ ਦੇ ਤੌਰ ਤੇ, ਸੁਗੰਧਿਤ ਦੁੱਧ ਨਾ ਕੇਵਲ ਬਣਾਵਟੀ ਫਲੇਵਰ ਤੋਂ ਬਣਾਇਆ ਜਾਂਦਾ ਹੈ ਬਲਕਿ ਅਸਲੀ ਫਲਾਂ ਦੇ ਜੂਸ ਤੇ ਗੁੱਦੇ ਤੋਂ ਤਿਆਰ ਕੀਤਾ ਜਾਂਦਾ ਹੈ ਅਤੇ ਇਸ ਦੀ ਮਿਆਦ ਵਧਾਉਣ ਲਈ ਇਸ ਨੂੰ ਸਟਿਰਲਾਈਜ਼ਡ ਕੀਤਾ ਜਾਂਦਾ ਹੈ।

ਅੱਜ ਕੱਲ ਸਾਦਾ ਦਹੀਂ ਅਤੇ ਸੁਗੰਧਿਤ ਯੋਗਹਰਟ ਜਿਸ ਵਿੱਚ ਮਿਸ਼ਟੀ ਦਹੀਂ ਵੀ ਸ਼ਾਮਿਲ ਹੈ ਬਹੁਤ ਵਿਕ੍ਰੀ ਵਿੱਚ ਹੈ।ਬਜਾਰ ਵਿੱਚ ਮਦਰ ਡੇਅਰੀ, ਅਮੂਲ ਤੇ ਕਈ ਹੋਰ ਲੋਕਲ ਬਰਾਂਡ ਵੀ ਹਨ।ਫ੍ਰੂਟ ਯੋਗਹਰਟ ਅਤੇ ਸਟਿਰਡ ਯੋਗਹਰਟ ਅਜੇ ਪ੍ਰਸਿੱਧੀ ਹਾਸਿਲ ਕਰਨ ਦੀ ਹੋੜ ਵਿੱਚ ਹਨ।ਪਰ ਅੱਜ ਕੱਲ ਦਹੀਂ ਤੋਂ ਕਈ ਹੋਰ ਉੱਤਪਾਦ ਜਿਵੇਂ ਕਿ ਲੱਸੀ, ਬਟਰ ਮਿਲਕ, ਛਾਛ ਆਦਿ ਬਜ਼ਾਰ ਵਿੱਚ ਉਪਲੱਬਧ ਹਨ ਜੋ ਕਿ ਪਹਿਲਾ ਅਣਸੰਗਠਿਤ ਅਦਾਰਿਆਂ ਦੁਆਰਾ ਵਿਕ੍ਰੀ ਵਿੱਚ ਸੀ ਪਰ ਹੁਣ ਇਹ ਸਹਿਕਾਰੀ ਡੇਅਰੀਆਂ ਅਤੇ ਪ੍ਰਾਈਵੇਟ ਡੇਅਰੀਆਂ ਦੁਆਰਾ ਵੀ ਵੇਚਿਆ ਜਾਂਦਾ ਹੈ। ਜਿਆਦਾਤਰ ਪਨੀਰ, ਖੋਆ, ਛੈਣਾ ਅਤੇ ਇਸ ਤੋਂ ਬਣੀਆਂ ਮਿਠਾਈਆਂ ਖੀਰ, ਰਬੜੀ ਆਦਿ ਛੋਟੇ ਅਤੇ ਅਣਸਗੰਠਿਤ ਅਦਾਰਿਆ ਦੁਆਰਾ ਬਣਾਈਆ ਜਾਂਦੀਆ ਹਨ ਪਰ ਅਮੂਲ ਤੇ ਵੇਰਕਾ ਨੇ ਵੀ ਪਨੀਰ ਬਜ਼ਾਰ ਵਿੱਚ ਲਿਆਂਦਾ ਹੈ।ਇਸ ਕਰਕੇ ਡੇਅਰੀ ਖੇਤਰ ਵਿੱਚ ਪ੍ਰਾਂਪਰਿਕ ਦੁੱਧ ਉਤਪਾਦਾਂ ਵਿੱਚ ਗੁੱਣਵੱਤਾ ਵਧਾਉਣ ਦੇ ਬਹੁਤ ਮੌਕੇ ਹਨ।

## ਦੁੱਧ ਵਿੱਚ ਗੁਣਵੱਤਾ ਦੇ ਇਜ਼ਾਫੇ ਦੇ ਤਰੀਕੇ

ਪਹਿਲਾ ਸਾਡੇ ਕੋਲ ਵਧੀਆ ਕੁਆਲਿਟੀ ਦਾ ਚੀਜ਼ ਉਪਲੱਬਧ ਨਹੀਂ ਹੁੰਦਾ ਸੀ ਕੇਵਲ ਅਮੂਲ ਹੀ ਚੀਜ਼ ਵੇਚਦਾ ਸੀ ਅਤੇ ਪਨੀਰ ਦੀ ਖਪਤ ਨਾਮਾਤਰ ਸੀ।ਪਰ ਹੁਣ ਇਹ ਖੇਤਰ ਵੀ ਅੱਗੇ ਵੱਧ ਰਿਹਾ ਹੈ।ਇਸਦੇ ਨਾਲ ਹੀ ਸਾਡੇ ਕੋਲ ਪਿਜ਼ਾ ਤੇ ਲਗਾਉਣ ਵਾਲਾ ਚੀਜ਼, ਮੋਜ਼ਰੇਲਾ ਤੇ ਪ੍ਰੋਸੈੱਸਡ ਚੀਜ਼ ਵੀ ਉਪਲੱਭਧ ਹੈ। ਪਹਿਲਾਂ ਕੇਵਲ ਫੁਆਇਲ ਵਿੱਚ ਲਪੇਟੇ ਅਮੂਲ ਚੀਜ਼ ਦੇ ਟੁਕੜੇ ਬਜ਼ਾਰ ਵਿੱਚ ਉਪਲੱਭਧ ਸੀ ਪਰ ਹੁਣ ਅਸੀਂ ਚੀਜ਼ ਦੇ ਟੁਕੜੇ, ਚੀਜ਼ ਦੇ ਸਲਾਈਸ, ਚੀਜ਼ ਸਪ੍ਰੈਡ ਨਾਲ ਇਸ ਖੇਤਰ ਵਿੱਚ ਬਹੁਤ ਵਾਧਾ ਹੋਇਆ ਹੈ।ਪੰਜਾਬ ਵਿੱਚ ਮੱਝ ਦਾ ਦੁੱਧ ਜਿਆਦਾ ਹੁੰਦਾ ਹੈ ਜੋ ਕਿ ਵਧੀਆ ਕੁਆਲਿਟੀ ਦੇ ਪਿਜ਼ਾ ਚੀਜ਼ ਬਣਾਉਣ ਲਈ ਵਰਤਿਆ ਜਾਂਦਾ ਹੈ।

ਪਨੀਰ ਅਤੇ ਚੀਜ਼ ਬਣਾਉਣ ਤੋਂ ਬਾਅਦ ਨਿਕਲਣ ਵਾਲੇ ਪਾਣੀ ਨੂੰ ਵੀ ਸੁੱਟਣਾ ਨਹੀ ਚਾਹੀਦਾ ਹੈ ਬਲਕਿ ਇਸ ਤੋਂ ਵੀ ਵੇ-ਡ੍ਰਿੰਕਸ ਬਣਾਕੇ ਆਰਥਿਕ ਲਾਭ ਕਮਾਇਆ ਜਾ ਸਕਦਾ ਹੈ। ਡੇਅਰੀ ਵਾਈਟਨਰ ਅਤੇ ਕੰਡੈਂਸਡ ਦੁੱਧ ਦੀ ਵਿਕਰੀ ਵੀ ਬਜਾਰ ਵਿੱਚ ਵਧੀ ਹੈ।ਇਹ ਉਤਪਾਦ ਪੈਕਟ, ਟਿਨ ਅਤੇ ਲਿਫਾਫਿਆ ਵਿੱਚ ਵੀ ਆਉਂਦੇ ਹਨ।ਵਿਜਯਾ, ਪਰਾਗ, ਅਤੇ ਪੂਰੇ ਭਾਰਤ ਵਿੱਚ ਪ੍ਰਸਿੱਧ ਅਮੂਲ, ਨੈਸਲੇ ਆਦਿ ਵੀ ਇਸ ਖੇਤਰ ਵਿੱਚ ਹਨ। ਆਈਸਕਰੀਮ, ਸੰਗਠਿਤ ਖੇਤਰਾਂ ਦਾ ਇੱਕ ਵਧੀਆ ਹਿੱਸਾ ਹੈ।ਅਮੂਲ, ਵੈਡੀਲਾਲ, ਮਦਰ ਡੇਅਰੀ ਆਦਿ ਆਈਸਕ੍ਰੀਮ ਦੀ ਵਿਕਰੀ ਦੇ ਵੱਡੇ ਹਿੱਸੇਦਾਰ ਹਨ।ਅਣਸੰਗਠਿਤ ਅਦਾਰਿਆ ਦਾ ਹਿੱਸਾ ਆਈਸਕਰੀਮ ਵਿੱਚ ਘਟਦਾ ਜਾ ਰਿਹਾ ਹੈ। ਮੱਖਣ, ਘਿਓ ਅਤੇ ਦੁੱਧ ਪਾਉਡਰ ਆਦਿ ਦੂਜੇ ਮੁੱਖ ਦੁੱਧ ਉਤਪਾਦ ਹਨ।ਜਿਸ ਵਿੱਚੋਂ ਦੁੱਧ ਪਾਊਡਰ ਪੂਰੀ ਤਰ੍ਹਾਂ ਸੰਗਠਿਤ ਅਦਾਰੇ ਦਾ ਹਿੱਸਾ ਹੈ।ਜਦ ਕਿ ਮੱਖਣ ਅਤੇ ਘਿਓ ਦੀ ਵਿਕਰੀ ਵਿੱਚ ਅਣਸੰਗਠਿਤ ਅਦਾਰੇ ਜਿਆਦਾ ਭੂਮਿਕਾ ਅਦਾ ਕਰਦੇ ਹਨ।

### 3. ਉੱਨਤ ਅਤੇ ਆਕਰਸ਼ਕ ਪੈਕਿੰਗ

ਨਵੇਂ ਉਤਪਾਦ ਦੀ ਖੋਜ ਅਤੇ ਵਿਕਾਸ ਦੇ ਨਾਲ ਨਾਲ ਸਹੀ ਬਣਾਵਟ ਅਤੇ ਤਕਨੀਕੀ ਪੈਕੇਜਿੰਗ ਤੇ ਜੋਰ ਦਿੱਤਾ ਜਾਣਾ ਚਾਹੀਦਾ ਹੈ।ਡੇਅਰੀ ਉਤਪਾਦਾਂ ਦੀ ਪੈਕਿੰਗ ਇਸਦੇ ਇਜ਼ਾਫੇ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।ਉੱਨਤ ਅਤੇ ਆਕਰਸ਼ਕ ਪੈਕਿੰਗ ਕਰਕੇ ਡੇਅਰੀ ਉਤਪਾਦਾਂ ਦੀ ਮੁਨਿਆਦ ਵਧਾਈ ਜਾ ਸਕਦੀ ਹੈ ।ਇਸ ਤੋਂ ਇਲਾਵਾ ਸੁਪਰਮਾਰਕਿਟ ਵਿੱਚ ਆਕਰਸ਼ਕ ਪੈਕਿੰਗ ਕਰਕੇ ਜਿਆਦਾ ਗ੍ਰਾਹਕਾਂ ਨੂੰ ਵੀ ਆਕਰਸ਼ਿਤ ਕੀਤਾ ਜਾ ਸਕਦਾ ਹੈ।

### 4. ਸਿਹਤ ਨੂੰ ਪ੍ਰਫੁੱਲਿਤ ਕਰਨ ਵਾਲੇ ਤੱਤਾਂ ਨੂੰ ਸ਼ਾਮਿਲ ਕਰਨਾ

ਵਧ ਰਹੀ ਸਿਹਤ ਪ੍ਰਤੀ ਜਾਗਰੂਕਤਾ ਦੇ ਨਾਲ-ਨਾਲ ਸਿਹਤ ਲਈ ਚੰਗੇ ਪਦਾਰਥਾਂ ਦੀ ਮੰਗ ਵੀ ਵਧ ਰਹੀ ਹੈ।ਮੈਡੀਕਲ ਅਤੇ ਪੋਸ਼ਣ ਖੋਜੀ ਵੀ ਭੋਜਨ ਪਦਾਰਥਾਂ ਨੂੰ ਬਿਮਾਰੀ ਰੋਕਣ ਅਤੇ ਸਿਹਤ ਵਧਾਉਣ ਨਾਲ ਜੋੜਦੇ ਹਨ।ਅੱਜ-ਕੱਲ ਵਧ ਰਹੀ ਉਪਭੋਗਤਾ ਦੀ ਜਾਗਰੂਕਤਾ, ਪੋਸ਼ਣ ਅਤੇ ਆਹਾਰ ਵਿਉਂਤਬੰਧੀ ਵਿੱਚ ਦਿਲਚਸਪੀ ਕਾਰਣ ਗੁਣਵੱਤੀ ਪਦਾਰਥਾਂ ਦੀ ਮੰਗ ਬਹੁਤ ਵਧੀ ਹੈ।ਅੱਜ-ਕੱਲ ਵਿਸ਼ੇਸ਼ ਆਹਾਰਾਂ ਦੀ ਮੰਗ ਹੈ ਜਿਵੇਂ ਕਿ ਸ਼ੁਗਰ ਦੀ ਬਿਮਾਰੀ ਨਾਲ ਪੀੜਿਤ ਆਦਮੀਆਂ ਲਈ ਘੱਟ ਚੀਨੀ ਵਾਲੇ ਆਹਾਰ, ਬਜ਼ੁਰਗਾਂ ਲਈ ਆਹਾਰ, ਨਵਜਾਤ ਬੱਚਿਆ ਲਈ ਆਹਾਰ, ਸਿਹਤ ਪ੍ਰਤੀ ਜਾਗਰੂਕ ਲੋਕਾਂ ਲਈ ਘੱਟ ਚਰਬੀ ਅਤੇ ਘੱਟ ਚੀਨੀ ਵਾਲੇ ਆਹਾਰ, ਪਰੋਬਾਇਟਿਕ ਅਹਾਰ ਆਦਿ।ਇਸ ਤੋਂ ਇਲਾਵਾ ਲੋਕ ਅਪਣੀ ਪਸੰਦ ਦੇ ਆਹਾਰ ਲਈ ਵੱਧ ਤੋਂ ਵੱਧ ਕੀਮਤ ਦੇਣ ਲਈ ਵੀ ਤਿਆਰ ਹਨ।ਦੁੱਧ ਤੋਂ ਸਿਹਤ ਸੰਬੰਧੀ ਦੁੱਧ ਉਤਪਾਦ ਬਣਾਕੇ ਇਸਦੀ ਗੁਣਵੱਤਾ ਦੇ ਇਜ਼ਾਫੇ (Value Addition) ਨੂੰ ਵਧਾਉਣ ਦੇ ਮੌਕੇ ਹਾਸਿਲ ਕੀਤੇ ਜਾ ਸਕਦੇ ਹਨ।

(ਡਾ. ਨਿਤਿਕਾ, ਡਾ. ਇੰਦਰਪ੍ਰੀਤ ਕੌਰ)






## ਸਰਦੀਆਂ ਸਮੇਂ ਲਵੇਰਿਆਂ ਦਾ ਖੁਰਾਕੀ ਪ੍ਰਬੰਧ

ਲਵੇਰਿਆਂ ਲਈ ਢੁਕਵਾਂ ਤਾਪਮਾਨ 15 ਤੋਂ 25 ਡਿਗਰੀਂ ਹੁੰਦਾ ਹੈ ਤੇ ਨਮੀ ਲਗਭਗ 70% ਚਾਹੀਦੀ ਹੈ। ਪਰ ਅਜਕਲ ਤਾਪਮਾਨ 13 ਡਿਗਰੀ ਤੋ 24 ਡਿਗਰੀ ਵਿਚਾਲੇ ਚਲ ਰਿਹਾ ਹੈ ਤੇ ਸਾਲ ਦੇ ਸ਼ੁਰੂ ਵਿੱਚ ਪਾਰਾ ਹੋਰ ਵੀ ਡਿੱਗੇਗਾ। ਘੱਟ ਤਾਪਮਾਨ ਤੇ ਖਾਸ ਕਰਕੇ ਜੇ ਨਮੀ 80% ਤੋਂ ਵੱਧਦੀ ਹੈ, ਲਵੇਰੇ ਬਹੁਤ ਦਬਾਅ ਮਹਿਸੂਸ ਕਰਦੇ ਹਨ।ਇਸ ਸਥਿਤੀ ਦਾ ਟਾਕਰਾ ਕਰਨ ਲਈ ਜਾਨਵਰ ਖੁਦ ਕਈ ਯਤਨ ਕਰਦੇ ਹਨ। ਸੱਭ ਤੋਂ ਪਹਿਲਾਂ ਉਹ ਆਪਣੇ ਸਰੀਰਕ ਤਾਪਮਾਨ ਨੂੰ ਬਰਕਰਾਰ ਰੱਖਣ ਲਈ ਆਪਣੀ ਖ਼ੁਰਾਕ ਵਧਾਉਂਦੇ ਹਨ। ਬੈਠਣ ਨੂੰ ਸੁੱਕੀ ਅੱਤੇ ਨਿੱਘੀ ਜਗਾਹ ਲੱਭਦੇ ਹਨ।ਬਾਹਰ ਜੇ ਧੁੱਪ ਹੈ, ਤਾਂ ਉੱਥੇ ਜਾਣਾ ਚਾਹੁੰਦੇ ਹਨ ਅੱਤੇ ਪਾਣੀ ਘੱਟ ਪੀਦੇਂ ਹਨ।

ਸ਼ੈਂਡ ਦੀ ਲੰਬਾਈ ਹਮੇਸ਼ਾ ਚੜਦੇ-ਲਹਿੰਦੇ ਪਾਸੇ ਹੋਣੀ ਚਾਹੀਦੀ ਹੈ। ਖ਼ੁਰਲੀ ਉਤਰ ਵਾਲੇ ਪਾਸੇ ਬਣਾਓ ਅਤੇ ਦੱਖਣ ਵਾਲਾ ਪਾਸਾ ਖੁੱਲਾ ਰੱਖੋ। ਅਜਿਹਾ ਕਰਨ ਨਾਲ ਪਸ਼ੂ ਸਰਦੀ ਤੋਂ ਬਚੇ ਰਹਿਣਗੇ ਕਿਉਂਕਿ ਦੱਖਣ ਤੋਂ ਸੂਰਜ ਦੀਆਂ ਕਿਰਨਾਂ ਸਿੱਧੀਆਂ ਸ਼ੈਡ ਅੰਦਰ ਜਾ ਕਿ ਇੱਕ ਤਾਂ ਨਿੱਘ ਦੇਣਗੀਆਂ ਤੇ ਫਰਸ਼ ਸੁੱਕਾ ਰਹੇਗਾ। ਖੁਰਲੀ ਉੱਤੇ ਖੜਨ ਲਈ ਇਕ ਪਸ਼ੂ ਨੂੰ 4 ਫੁੱਟ ਜਗ੍ਹਾ ਚਾਹੀਦੀ ਹੈ ਭਾਵ 10 ਪਸ਼ੂਆਂ ਲਈ ਖੁਰਲੀ ਦੀ ਲੰਬਾਈ 40 ਫੁੱਟ ਹੋਣੀ ਚਾਹੀਦੀ ਹੈ।ਸ਼ੈਡ ਅੰਦਰ ਸਾਫ ਸੁਥਰੇ ਪੀਣ ਵਾਲੇ ਪਾਣੀ ਦੀ ਵਿਵਸਥਾ ਸਹੀ ਹੋਣੀ ਚਾਹੀਦੀ ਹੈ ਕਿਉਂਕਿ ਸਰਦੀਆਂ ਵਿੱਚ ਪਾਣੀ ਦੀ ਮਿਕਦਾਰ 50% ਘੱਟ ਜਾਂਦੀ ਹੈ। ਦੁੱਧ ਦੀ ਚੋਆਈ ਤੋਂ ਅਕਸਰ ਬਾਅਦ ਲਵੇਰੇ ਪਾਣੀ ਪੀਣਾ ਚਾਹੁੰਦੇ ਹਨ ਇਸ ਕਰਕੇ ਪਾਣੀ ਵਾਲੀ ਹੌਦੀ ਤੇ ਜ਼ਿਆਦਾ ਇੱਕਠ ਨਾ ਹੋਣ ਦਿਉ। ਦਸ ਪਸ਼ੂਆ ਲਈ 8 ਫੁੱਟ ਲੰਬੀ ਅਤੇ 3 ਫੁੱਟ ਚੌੜੀ ਪਾਣੀ ਦੀ ਕੁੰਡ ਕਾਫੀ ਹੈ।

ਪਾਣੀ ਵਾਲੀ ਮੋਟਰ ਹਰ 2-3 ਘੰਟਿਆਂ ਬਾਅਦ ਚਲਾਉ ਤਾਂ ਕਿ ਪਾਣੀ ਤਾਜਾ ਤੇ ਨਿਘਾ ਮਿਲੇ, ਨਹੀਂ ਤਾਂ ਲਵੇਰਿਆਂ ਨੇ ਰੱਜਵਾਂ ਪਾਣੀ ਨਹੀਂ ਪੀਣਾਂ। ਜੇ ਪੀ ਵੀ ਲਿਆ ਤਾਂ ਪਾਣੀਂ ਦੇ ਘੱਟ ਤਾਪਮਾਨ ਕਾਰਨ, ਉਝਰੀ ਅੰਦਰ ਜੀਵਾਣੂਆਂ ਤੇ ਮਾੜਾ ਅਸਰ ਪੈਂਦਾ ਹੈ ਤੇ ਕਈ ਵਾਰ ਲਵੇਰੇ ਨਮੋਨੀਏ ਦੇ ਸ਼ਿਕਾਰ ਹੋ ਸੱਕਦੇ ਹਨ। ਜੇ ਸ਼ੈਡ ਦੇ ਅੰਦਰ ਦਰਖ਼ਤ ਹਨ ਤਾਂ ਬਹੁਤ ਹੀ ਵਧੀਆ, ਪਰ ਸਰਦੀਆਂ ਵੇਲੇ ਇਨਾਂ ਦੀਆਂ ਫਾਲਤੂ ਟਹਿਣੀਆਂ ਛਾਂਗ ਦਿਉ ਤਾਂ ਕਿ ਧੁੱਪ ਪੂਰੀ ਮਾਤਰਾ ਵਿੱਚ ਆ ਸਕੇ।

ਹਰੇ ਚਾਰੇ ਦੀ ਖ਼ੁਰਾਕੀ ਗੁਣਵੰਤਾ ਉਸ ਦੀ ਕਟਾਈ ਤੇ ਨਿਰਭਰ ਕਰਦੀ ਹੈ। ਜੇ ਪਹਿਲਾਂ ਵੱਢ ਲਿਆਂ ਤਾਂ ਚਾਰਾ ਨਰਮ ਹੋਊ, ਸਰਦੀਆਂ ਵਿੱਚ ਹਰੇ ਵਿਚ ਪਾਣੀ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਮੋਕ ਲਗਣ ਦਾ ਖਤਰਾ, ਜੇ ਬਾਅਦ'ਚ ਕੱਟਿਆ ਤਾਂ ਕੈੜਾ ਹੋਜੂ, ਨਹੀ ਖਾਣਾ। ਅੱਜਕਲ ਬਰਸੀਮ, ਜਵੀ, ਲੂਸਣ, ਰਾਈ ਘਾਹ ਆਦਿ ਬੀਜੇ ਜਾਂਦੇ ਹਨ, ਜਿੰਨ੍ਹਾਂ ਵਿੱਚ ਪ੍ਰੋਟੀਨ ਅੱਤੇ ਕੈਲਸ਼ੀਅਮ ਦੀ ਮਾਤਰਾ ਸਾਉਣੀ ਦੇ ਚਾਰਿਆਂ ਨਾਲੋਂ ਜ਼ਿਆਦਾ ਹੁੰਦੀ ਹੈ। ਸ਼ੁਰੂ ਸ਼ੁਰੂ ਥੋੜਾ ਚਿਰ ਦੁੱਧ ਵੱਧਦਾ ਹੈ ਫਿਰ ਖੂਨ ਵਿਚਲਾ ਯੂਰੀਆ ਵਧਣ ਸਦਕਾ ਕਈ ਬਿਮਾਰੀਆਂ ਦਾ ਕਾਰਣ ਬਣਦਾ ਹੈ। ਇਸੇਤਰ੍ਹਾਂ ਵੱਧ ਕੈਲਸ਼ੀਅਮ ਸਦਕਾ ਫਾਸਫੋਰਸ ਦੀ ਕਮੀ ਹੁੰਦੀ ਹੈ ਤੇ ਕਈ ਲਵੇਰੇ ਇੱਕ ਦੂਜੇ ਦਾ ਪਿਸ਼ਾਬ ਪੀਣ ਲੱਗ ਜਾਂਦੇ ਹਨ ਤੇ ਸਿਆਣਿਆਂ ਨੇ ਧਾਂਤਾਂ ਦੇ ਚੂਰੇ ਦੇ ਨੁਕਸ ਕੱਢ ਦੇਣੇ ਹਨ। ਇਸ ਕਰਕੇ ਸਰਦੀਆਂ ਵਿੱਚ ਆਪਣੇ ਹਰੇ ਚਾਰੇ ਨੂੰ ਮੁੱਖ ਰੱਖਕੇ ਵੰਡ ਵਿੱਚ ਤਬਦੀਲ਼ੀ ਕਰੋ। ਕੁੱਝ ਖ਼ਲਾਂ ਘੱਟਾਕੇ ਅਨਾਜ ਵਧਾਉ। ਸਰਦੀਆਂ'ਚ ਕੈਲਸ਼ੀਅਮ ਦੀ ਪੀਪੀਆਂ ਦੀ ਵਰਤੋਂ ਘੱਟ ਕਰੋ।ਜਿਹੜੇ ਡੇਅਰੀ ਪਾਲਕਾਂ ਕੋਲ ਹਰੇ ਦਾ ਆਚਾਰ ਹੈ, ਉਨਾਂ ਨੂੰ ਵੀ ਆਚਾਰ ਦੀ ਮਿਕਦਾਰ ਕੁਝ ਘੱਟਾ ਕਿ 10-12 ਕਿਲੋ ਤਾਜੇ ਫਲੀਦਾਰ ਚਾਰੇ ਪ੍ਰਤੀ ਜਾਨਵਰ ਪ੍ਰਤੀ ਦਿਨ ਦੇਣੇ ਚਾਹੀਦੇ ਹਨ ਤਾਂ ਕਿ ਵੰਡ ਸੱਸਤਾ ਬਣੇ ਤੇ ਲਵੇਰਿਆਂ ਦੀ ਖ਼ੁਰਾਕੀ ਸਮਰਥਾ ਬਰਕਰਾਰ ਰਹੇ।

ਸਰਦੀਆਂ ਦੇ ਮੌਸਮ ਵਿੱਚ ਵੰਡ ਦੀ ਭੂਮਿਕਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਲਵੇਰੇ ਨੂੰ ਰਜਾਉਣ, ਪੈਦਾਵਾਰ ਵਧਾਉਣ ਲਈ ਕਈ ਕਿਸਮਾਂ ਦੇ ਸੂਖਮ ਪਦਾਰਥਾਂ ਦੀ ਵੀ ਜਰੂਰਤ ਪੈਂਦੀ ਹੈ।ਹਰ ਇਕ ਪਸ਼ੂ ਪਾਲਕ ਦੀ ਆਪਣੀ ਹੀ ਰਵਾਇਤ ਹੈ। ਕਈ ਬਾਜ਼ਾਰੀ ਫੀਡਾਂ ਪਾਉਂਦੇ ਹਨ ।ਫੀਡ ਕੰਪਨੀਆਂ ਜਦੋਂ ਆਪਣੇ ਬਰੈਂਡ ਦੀ ਫੀਡ ਬਣਾਉਂਦੀਆਂ ਹਨ ਤਾਂ ਉਨ੍ਹਾਂ ਨੇ ਕਿਸੇ ਖਾਸ ਪਸ਼ੂ ਪਾਲਕ ਨੂੰ ਧਿਆਨ 'ਚ ਰੱਖ ਕੇ ਫੀਡ ਨਹੀਂ ਬਣਾਉਣੀ, ਉਨ੍ਹਾਂ ਨੇ ਤਾਂ ਸਰਕਾਰ ਦੁਆਰਾ ਲਾਗੂ ਕਾਨੂੰਨ ਨੂੰ ਮੱਦੇ ਨਜ਼ਰ ਰੱਖ ਕੇ ਫੀਡ ਬਣਾਉਣੀ ਹੈ । ਹੋ ਸਕਦਾ ਹੈ ਕਿਸੇ ਪਸ਼ੂ ਪਾਲਕ ਨੂੰ ਨਤੀਜੇ ਵਧੀਆ ਮਿਲਣ ਤੇ ਕਿਸੇ ਨੂੰ ਨਹੀਂ।

ਬਹੁਤੇ ਡੇਅਰੀ ਪਾਲਕ ਤਾਂ ਬਾਜਾਰੀ ਫੀਡਾਂ ਦੇ ਨਾਲ ਨਾਲ ਘਰ ਦੀ ਕਣਕ, ਦਲੀਏ, ਕਾਹੜੇ, ਵੜੇਵਿਆਂ ਦੀ ਖ਼ਲ, ਪੀਪੀਆਂ ਆਦਿ ਵੀ ਪਾਈ ਜਾਂਦੇ ਹਨ। ਕਈ ਕਿਸਾਨ ਫੀਡ ਮਿਲਾਂ ਤੋਂ ਆਪ ਵੰਡ ਬਣਵਾ ਕੇ ਲਿਆਉਂਦੇ ਹਨ । ਫਾਰਮੂਲਾ ਤੁਹਾਡੀ ਸਹਿਮਤੀ ਵਾਲਾ ਹੋਣਾ ਚਾਹੀਦਾ ਹੈ ।

## ਸਰਦੀਆਂ ਸਮੇਂ ਲਵੇਰਿਆਂ ਦਾ ਖੁਰਾਕੀ ਪ੍ਰਬੰਧ

ਉਸ ਵਿਚ ਪਾਈਆਂ ਜਾਣ ਵਾਲੀਆਂ ਵੱਖ-ਵੱਖ ਜਿਣਸਾਂ ਦਾ ਭਾਅ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ।ਵੰਡ ਵਿਚ ਪਾਏ ਜਾਣ ਵਾਲੇ ਅਨਾਜ, ਖਲ੍ਹਾਂ, ਪਾਲਿਸ਼ ਆਦਿ ਦੀ ਕੁਆਲਿਟੀ ਵੀ ਤੁਹਾਡੀ ਮਰਜੀ ਦੀ ਹੋਣੀ ਚਾਹੀਦੀ ਹੈ । ਤੁਹਾਡੇ ਲਈ ਫੀਡ ਬਣਾਉਣ ਲਈ ਇਕ ਫੀਡ ਮਿੱਲਰ ਦੀ ਕੁਆਲਿਟੀ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ । ਉਸ ਕੋਲ 2-3 ਕਿਸਮ ਦੀ ਮੱਕੀ, 2-3 ਕਿਸਮ ਦੀ ਸਰ੍ਹੋਂ ਖਲ, ਵੜੇਵਿਆਂ ਦੀ ਖਲ (ਕੱਚੀ-ਪੱਕੀ) ਆਦਿ ਰੱਖੀਆਂ ਹੁੰਦੀਆਂ ਹਨ । ਇਹ ਤਾਂ ਤੁਸੀਂ ਕੁਆਲਿਟੀ ਜਾਂ ਜਿਣਸਾਂ ਦੇ ਭਾਅ ਨੂੰ ਪਹਿਲ ਦੇਣੀ ਹੈ । ਫੀਡ ਮਿੱਲਰ ਨੇ ਤਾਂ ਜਿਣਸਾਂ ਦੇ ਭਾਅ, ਪਿਸਾਈ ਤੇ ਰਲਾਈ ਦਾ ਮੁੱਲ ਲੈਣਾ ਹੈ ।

ਮੱਕੀ ਦਾ ਦਾਣਾ ਵੱਡਾ, ਸੁਸਰੀ ਤੇ ਉੱਲੀ ਰਹਿਤ ਹੋਣਾ ਚਾਹੀਦਾ ਹੈ । ਇਸ ਵਿਚ ਨਮੀ ਦਾ ਪੱਤਾ ਚੱਬ ਕੇ ਚਲ ਜਾਂਦਾ ਹੈ । ਖਲ੍ਹਾਂ ਗਾਹੜੇ ਭੂਰੇ ਰੰਗ ਦੀਆਂ ਚਾਹੀਦੀਆਂ ਹਨ । ਪਾਪੜੀਆਂ ਖੱਲ੍ਹ ਦੋਹਾਂ ਉਗਲ੍ਹਾਂ ਵਿਚਾਲੇ ਰੱਖ ਕੇ ਅੰਗੂਠੇ ਨਾਲ ਆਸਾਨੀ ਨਾਲ ਟੁਟਣੀ ਚਾਹੀਦੀ ਹੈ । ਜਿੰਨੀਆਂ ਵੀ ਬਗੈਰ ਤੇਲ ਵਾਲੀਆਂ ਖਲ੍ਹਾਂ ਹੋਣ ਉਨ੍ਹਾਂ ਵਿਚ ਰੇਤੇ ਦੀ, ਛਿੱਲਕੇ ਦੀ ਮਿਲਾਵਟ ਨਾ ਹੋਵੇ। ਚੂਰੀਆਂ ਵਿਚ ਵੀ ਛਿਲਕਿਆਂ ਦੀ ਮਿਲਾਵਟ ਨਾ ਹੋਵੇ । ਬਿਨੌਲਾ ਖਲ੍ਹ ਨੂੰ ਤੋੜਨ ਤੇ ਆਸਾਨੀ ਨਾਲ ਟੁੱਟ ਜਾਏ ਤੇ ਟੁੱਟਦਿਆਂ ਵਿਚਾਲੋਂ ਰੇਸ਼ੇ ਦਿਖਦੇ ਹੋਣ । ਪਾਲਿਸ਼ ਵਿੱਚ ਵੀ ਕੋਈ ਕਿਰਕੀ ਨਾ ਹੋਵੇ । ਪਾਲਿਸ਼ ਨੂੰ ਹਥੇਲੀ ਵਿਚ ਦਬਾਉਣ ਤੇ ਉਂਗਲਾਂ ਛੱਪਣ ।

ਇਹ ਵੀ ਯਕੀਨੀ ਬਣਾਇਆ ਜਾਵੇ ਕਿ ਜੋ ਜਿਣਸਾਂ ਫਾਰਮੂਲੇ ਵਿੱਚ ਲਿਖੀਆਂ ਹਨ, ਉਹ ਫੀਡ ਮਿੱਲ ਤੇ ਉਪਲੱਭਧ ਹੋਣ । ਫੁਲ ਫੈਟ ਸੋਇਆ, ਬਿਨ੍ਹਾਂ ਰੂੰ ਦੇ ਸਾਬਤ ਵੜੇਵੇਂ, ਡੀ ਡੀ ਜੀ ਐਸ, ਬਾਈ ਪਾਸ ਪ੍ਰੋਟੀਨ, ਚੂਰੀਆਂ ਆਦਿ ਹਰ ਫੀਡ ਮਿੱਲ 'ਚ ਨਹੀਂ ਮਿਲਦੇ । ਇਸੇ ਤਰ੍ਹਾਂ ਕਈ ਸੂਖਮ ਪਦਾਰਥ ਜਿਵੇਂ ਕਿ ਇੰਜ਼ਾਈਮ, ਚੀਲੇਟਡ ਧਾਤਾਂ, ਟਾਕਸਿਨ ਬਾਈਂਡਰ, ਯੀਸਟ, ਮੋਲਡ ਇਨਹਿਬਟਰ, ਵਿਟਾਮਿਨ ਆਦਿ ਵੀ ਹਰ ਫੀਡ ਮਿੱਲ ਤੇ ਨਹੀਂ ਮਿਲਦੇ । ਮੌਕੇ ਤੇ ਫਾਰਮੂਲੇ ਵਿਚ ਹੇਰ ਫੇਰ ਕਰਨ ਤੇ ਕੋਈ ਨੁਕਸਾਨ ਹੋ ਸਕਦਾ ਹੈ । ਅੱਜ ਕੱਲ੍ਹ ਬਾਜ਼ਾਰ ਵਿੱਚ ਕਈ ਕਿਸਮ ਦੇ ਧਾਤਾਂ ਤੇ ਚੂਰੇ, ਚੀਲੇਟਡ ਧਾਤਾਂ, ਟ੍ਰੇਸ ਮਿਨਰਲ, ਬਾਈ ਪਾਸ ਫੈਟਾਂ ਅਤੇ ਕਈ ਕਿਸਮ ਦੇ ਬਫਰ ਆਦਿ ਮਿਲਦੇ ਹਨ । ਇਨ੍ਹਾਂ ਦੀ ਵਰਤੋਂ ਕਰਨ ਤੋਂ ਪਹਿਲਾਂ ਇਨ੍ਹਾਂ ਵਿਚਲੇ ਮਿਆਰ, ਕੁਆਲਿਟੀ, ਕਿੰਨੀ ਮਾਤਰਾ ਵਿੱਚ ਪਾਉਣਾ ਹੈ; ਚੰਗੀ ਤਰ੍ਹਾਂ ਪੜ੍ਹ ਲਉ, ਵਿਚਾਰ ਕਰੋ ਜਾਂ ਸਲਾਹ ਲਵੋ ।ਹੋ ਸਕੇ ਤਾਂ ਨਮਕ ਆਇਓਡਾਈਜ਼ਡ ਹੀ ਵਰਤੋਂ ਤਾਂ ਕਿ ਜਾਨਵਰ ਵਕਤ ਸਿਰ ਹੇਹੇ ਵਿਚ ਆਏ ਤੇ ਆਇਓਡੀਨ ਦੇ ਟੀਕੇ ਨਾ ਲੁਆਣੇ ਪੈਣ ।

ਆਮ ਹਲਾਤਾਂ ਵਿੱਚ 15 ਲਿਟਰ ਦੁੱਧ ਦੇਣ ਵਾਲੀ ਮੱਝ ਇਕ ਦਿਨ ਦਾ 7 ਕਿਲੋ ਵੰਡ ਖਾ ਸਕਦੀ ਹੈ। ਪਰ ਅਜਕਲ ਸਰਦੀਆਂ ਕਾਰਣ ਇਸਨੂੰ 8-8.5 ਕਿਲੋ ਵੰਡ ਮਿਲਣਾ ਚਾਹੀਦਾ ਹੈ, ਜਿਹੜਾ ਕਿ ਨਹੀਂ ਮਿਲਦਾ। ਇਸ ਲਈ 7 ਕਿਲੋ ਵਾਲੇ ਤੱਤ ਸਾਨੂੰ ਹੁਣ 8 ਕਿਲੋ ਤੋਂ ਪੂਰੇ ਕਰਨੇ ਚਾਹੀਦੇ ਹਨ।ਵੰਡ ਵਿਚਲੀ ਪ੍ਰੋਟੀਨ ਘਟਾਈ ਜਾ ਸਕਦੀ ਹੈ, ਜਿਸ ਕਰਕੇ ਸਰਦੀਆਂ ਵਿੱਚ ਖ਼ੱਲਾਂ ਦੀ ਮਾਤਰਾ ਘਟਓ। ਇੱਸ ਲਈ ਸਰਦੀਆਂ ਵਿੱਚ ਵੰਡ ਹਮੇਸ਼ਾਂ ਸੱਸਤਾ ਬਣਦਾ ਹੈ ਪਰ ਲਵੇਰਿਆਂ ਨੂੰ ਜ਼ਿਆਦਾ ਚਾਹੀਦਾ ਹੈ।ਡੇਅਰੀ ਪਾਲਕ ਉਹੀ ਮਿਕਦਾਰ ਪਾਈ ਜਾਂਦੇ ਹਨ, ਨਤੀਜਾ ਦੁੱਧ ਘੱਟਣਾ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਲਵੇਰੇ ਨੇ ਬਹੁਤੀ ਊਰਜਾ ਆਪਣੇ ਸਰੀਰਕ ਤਾਪਮਾਨ ਨੂੰ ਬਰਕਰਾਰ ਰਖਣ ਲਈ ਵਰਤਣੀ ਹੈ ਤੇ ਵੱਧ ਪ੍ਰੋਟੀਨ ਸਦਕਾ ਅੰਦਰੂਨੀ ਯੂਰੀਆ ਵੱਧ ਜਾਂਦਾ ਹੈ। ਯਾਦ ਰੱਖੋ ਕਿ ਖੁਰਾਕੀ ਤੱਤ ਜਰੂਰੀ ਹਨ ਨਾ ਕਿ ਜਿਣਸਾਂ।ਅਜਕਲ ਮੱਕੀ ਬਹੁਤ ਮਹਿੰਗੀ ਹੋ ਗਈ ਹੈ, ਜੇ ਕੁਆਲਿਟੀ ਵਾਲੀ ਮਿਲਦੀ ਹੈ ਤਾਂ ਇਸਤੇਮਾਲ ਕਰੋ। ਬਾਜਰਾ ਵੀ ਉਪਲੱਬਦ ਹੈ, ਇਸਦਾ ਉਪਯੋਗ ਕਰਕੇ ਵੰਡ ਸੱਸਤਾ ਬਣਾਇਆ ਜਾ ਸੱਕਦਾ ਹੈ। ਟੋਟਾ ਚਾਵਲ / ਕਣੀ ਜੇ ਮਿਲੇ ਤਾਂ ਇਹ ਵੀ ਗੁਣਕਾਰੀ ਸਿੱਧ ਹੋਏਗੀ।ਸ਼ੀਰਾ ਸੱਸਤਾ ਹੈ, ਇਸ ਵਿਚਲੇ ਪੋਟਾਸ਼ੀਅਮ ਸਦਕਾ ਦੂੱਧ ਵਿੱਚ ਵਾਧਾ ਹੁੰਦਾ ਹੈ। ਸਰੋਂ ਦੀ ਖ਼ਲ ਦੋ ਤਰ੍ਹਾਂ ਦੀ ਉਪਲਬਦ ਹੈ; ਪਾਪੜੀ ਜਾਂ ਬਿਨਾ ਤੇਲ ਵਾਲੀ ।ਪਰ ਬਹੁਤੇ ਪਸ਼ੂ ਪਾਲਕ ਸਰੋਂ ਦੀ ਖ਼ਲ ਨੂੰ ਕੌੜੀ ਖ਼ਲ ਕਹਿ ਕੇ ਇਸ ਦੀ ਵਰਤੌਂ ਤੋਂ ਗੁਰੇਜ ਕਰਦੇ ਹਨ।

ਸਰੋਂ ਦੀ ਖ਼ਲ ਬਹੁਤ ਉਪਯੋਗੀ ਹੈ, ਇਸ ਦੀ ਵਧੇਰੇ ਵਰਤੋਂ (ਪਸ਼ੂ ਨੂੰ ਗਿਝਾ ਕਿ) ਨਾਲ ਦੁੱਧ ਬਣਿਆ ਰਹਿੰਦਾ ਹੈ। ਵੜੇਵੇਂ ਜਾਂ ਵੜੇਵਿਆਂ ਦੀ ਖ਼ਲ ਦੀ ਵਰਤੋਂ ਲੋੜ ਨਾਲੋਂ ਵੱਧ ਹੀ ਹੈ, ਫੈਟ ਦੀ ਪ੍ਰਾਪਤੀ ਲਈ। ਇਸ ਵਿਚਲੇ ਰੇਸ਼ੇ ਕਰਕੇ ਦੁੱਧ ਦੀ ਫੈਟ ਵੱਧਦੀ ਹੈ ਪਰ ਮਹਿੰਗੀ ਹੈ, ਮਿਲਾਵਟੀ (Duplicate) ਮਿਲਦੀ ਹੈ, ਉਲੀ ਲੱਗੀ, ਬਾਰਦਾਨਾ, ਕੰਬਲ ਦੇ ਰੇਸ਼ੇ ਅਕਸਰ ਇਸ ਵਿਚ ਰਲੇ ਹੰਦੇ ਹਨ। ਜੇ ਕਿਧਰੇ ਸੂਰਜਮੁਖੀ ਦੀ ਖ਼ਲ ਮਿਲ ਜਾਏ ਤਾਂ ਬਹੁਤ ਵੱਧੀਆ।ਜੇ ਕਰ ਆਪਣੇ ਲਵੇਰੇ ਗੁਆਰ ਕੋਰਮੇ ਤੇ ਗਿਝਾਏ ਹੋਏ ਹਨ ਤਾਂ ਇਹ ਇਕ ਬਹੁਤ ਸੱਸਤਾ ਬਾਈਪਾਸ ਪ੍ਰੋਟੀਨ ਦਾ ਸੋਮਾ ਹੈ।

## ਸਰਦੀਆਂ ਸਮੇਂ ਲਵੇਰਿਆਂ ਦਾ ਖੁਰਾਕੀ ਪ੍ਰਬੰਧ

ਜਦ ਵੀ ਕੋਈ ਚੀਜ਼ ਸਵਾਦ ਬਣਾਉਣੀ ਹੋਏ ਤਾਂ ਅਕਸਰ ਘਿਓ ਦਾ ਇਸਤੇਮਾਲ ਹੁੰਦਾ ਹੈ।ਰਾਈਸ ਪਾਲਿਸ਼ ਅਜਕਲ ਵਧੀਆ ਮਿਲ ਰਹੀ ਹੈ ਇਸ ਲਈ ਇਸਨੂੰ 6-8 ਕਿਲੋ ਪ੍ਰਤੀ ਕੁਇੰਟਲ ਵਰਤਿਆ ਜਾ ਸੱਕਦਾ ਹੈ। ਤੇਲ ਦੀ ਪੂਰਤੀ ਲਈ ਫੁਲ ਫੈਟ ਸੋਇਆ, ਸਰ੍ਹੋਂ ਦੀ ਖ਼ਲ ਅਤੇ ਬਾਈਪਾਸ ਫੈਟ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਪਰ ਬਾਈਪਾਸ ਫੈਟ ਦੀ ਕੁਆਲਿਟੀ ਚੈਕ ਕਰਨ ਦੀ ਜ਼ਿਮੇਦਾਰੀ ਕਿਸਾਨ ਦੀ ਆਪਣੀ ਹੈ।ਬਹੁਤੇ ਪਸ਼ੂ ਪਾਲਕ ਭਾਅ ਹੀ ਦੇਖਦੇ ਹਨ ਕਿ ਕਿਹੜੀ ਸੱਸਤੀ ਹੈ, ਇਸ ਫੈਟ ਵਿਚਲੀ ਊਰਜਾ, ਇਸ ਨੂੰ ਬਣਾਉਣ ਦੇ ਤਰੀਕੇ ਤੇ ਨਿਰਭਰ ਕਰਦੀ ਹੈ। ਬਾਈਪਾਸ ਫੈਟ ਅੱਧਾ ਕਿਲੋ ਤੋਂ ਲੈ ਕੇ ਦੋ ਕਿਲੋ ਪ੍ਰਤੀ ਕੁਇੰਟਲ ਵਰਤੀ ਜਾ ਸਕਦੀ ਹੈ। ਇਸ ਨੂੰ ਗਿਲਾ ਨਾ ਕਰੋ ਨਹੀਂ ਤਾਂ ਲਵੇਰੇ ਨਹੀਂ ਖਾਣਗੇ।

ਸਰਦੀਆਂ ਵਿਚ ਵੱਧ ਖਾਣ ਨਾਲ ਇਕ ਲਵੇਰੀ ਤੇਜਾਬੀ ਪਣ ਦਾ ਸ਼ਿਕਾਰ ਹੋ ਸੱਕਦੀ ਹੈ। ਜੁਗਾਲੀ'ਚ ਕਮੀ ਹੋਏਗੀ ਜਿਸ ਕਰਕੇ ਥੁੱਕ ਵੀ ਘੱਟ ਬਣੂਗਾ। ਇਸ ਕਰਕੇ ਉਝਰੀ ਵਿਚ ਤੇਜਾਬ ਦੀ ਮਾਤਰਾ ਵੱਧ ਸਕਦੀ ਹੈ । ਬਫਰ ਦੀ ਵਰਤੋਂ ਕਰਨ ਨਾਲ ਤੇਜਾਬੀਪਣ ਤੋਂ ਬੱਚਿਆ ਜਾ ਸਕਦਾ ਹੈ। ਬਫਰ ਵਿਚਲੇ ਮਿੱਠੇ ਸੋਡੇ ਅਤੇ ਮੈਗਨੀਸ਼ੀਅਮ ਆਕਸਾਈਡ ਸਦਕਾ ਉਝਰੀ ਅੰਦਰ ਤੇਜਾਬ ਸੀਮਤ ਰਹਿੰਦਾ ਹੈ। ਸਰਦੀਆਂ ਵਿਚ ਯੀਸਟ (ਖ਼ਮੀਰ) ਦੀ ਵਰਤੋਂ ਨਾਲ ਜਿਥੇ ਪਸ਼ੂ ਦੀ ਭੁੱਖ ਵੱਧਦੀ ਹੈ ਉਥੇ ਦੁੱਧ ਦੀ ਫੈਟ'ਚ ਵਾਧਾ ਹੁੰਦਾ ਹੈ, ਦੁੱਧ ਵੀ ਵੱਧਦਾ ਹੈ। ਯੀਸਟ ਵੀ ਕਈ ਕਿਸਮ ਦੇ ਉਪਲੱਭਦ ਹਨ; ਲਾਈਵ, ਮੈਟਾਬੁਲਾਇਟ, ਇੰਜ਼ਾਇਮ ਆਦਿ।ਇਹ ਤਾਂ ਇੱਕ ਪਸ਼ੂ ਪਾਲਕ ਨੇ ਦੇਖਣਾ ਹੈ ਕਿ ਕਿੰਨੀ ਮਾਤਰਾ ਅਤੇ ਕਿਹੜੇ ਭਾਅ ਦੀ ਯੀਸਟ ਮਿਲਦੀ ਹੈ। ਸਰਦੀਆਂ ਵਿੱਚ ਹਰਾ ਤਾਂ ਵੱਧ ਹੁੰਦਾ ਹੈ, ਪਰ ਬਹੁਤਾ ਸਮਾਂ ਧੁੰਦ ਸਦਕਾ/ ਸੂਰਜ ਦੇ ਨਾਂ ਚੜਨ ਕਰਕੇ, ਵਿਟਾਮਿਨ ਦੀ ਘਾਟ ਹੋ ਸਕਦੀ ਹੈ ਇਸ ਕਰਕੇ ਜੇ ਵਿਟਾਮਿਨ ਦਾ ਇਸਤੇਮਾਲ ਕੀਤਾ ਜਾਏ ਤਾਂ ਜਾਨਵਰ ਬਿਮਾਰ ਘੱਟ ਹੁੰਦੇ ਹਨ, ਪ੍ਰਜਨਣ ਸੰਬਧੀ ਮੁਸ਼ਕਲਾਂ ਘੱਟਦੀਆਂ ਹਨ।

ਸਰਦੀਆਂ ਵਿੱਚ ਹਰਾ ਅਕਸਰ ਜਰੂਰਤ ਨਾਲੋਂ ਜ਼ਿਆਦਾ ਗਿਲ਼ਾ ਹੁੰਦਾ ਹੈ ਜਿਸ ਕਰਕੇ ਗੋਹਾ ਪਤਲਾ ਆਉਂਦਾ ਹੈ, ਇਸ ਲਈ ਸੁੱਕੀ ਤੂੜੀ ਵੱਧ ਪਾਣੀ ਪੈ ਜਾਂਦੀ ਹੈ। ਪਰ ਵਧੇਰੇ ਤੂੜੀ/ਪਰਾਲੀ ਸੱਦਕਾ ਉਲੀ ਲਗਣ ਦਾ ਖੱਤਰਾ ਵੀ ਵੱਧ ਹੁੰਦਾ ਹੈ ਇਸ ਕਰਕੇ ਖ਼ੁਰਾਕ ਵਿੱਚ ਟਾਕਸਿਨ ਬਾਂਈਡਰ ਦਾ ਇਸਤੇਮਾਲ ਜਰੂਰ ਕੀਤਾ ਜਾਏ। ਅੱਜਕਲ ਫੀਡ ਜਾਂ ਵੰਡ ਗਿਲੀ ਨਾ ਕਰੋ। ਜੇ ਕਰ ਲਵੇਰਿਆਂ ਦੀ ਸੁੱਕਾ ਮਾਦਾ ਖਾਣ ਦੀ ਪੂਰਤੀ ਹੋ ਰਹੀ ਹੈ ਤਾਂ ਉਸ ਤੇ ਸਰਦੀ ਦਾ ਅਸਰ ਘੱਟ ਹੋਏਗਾ। ਕੋਸ਼ਿਸ਼ ਕਰੋ ਕਿ ਜਿਹੜਾ ਵੀ ਹਰਾ ਚਾਰਾ ਹੈ ਉਸ ਦੇ ਕੁਤਰੇ ਦਾ ਆਕਾਰ ਛੋਟਾ ਹੋਏ ਤਾਂ ਕਿ ਪਸ਼ੂ ਵੱਧ ਖਾਏ।

(ਡਾ. ਪਰਮਿੰਦਰ ਸਿੰਘ)

## ਨੀਲੀ ਰਾਵੀ ਦੀ ਵਾਰ

ਤੂੰ ਰਾਵੀ ਦੇ ਕੰਢੇ ਜੰਮੀ, ਤੂੰ ਮਾਝੇ ਦੀ ਰਾਣੀ, ਕੋਈ ਕਹਿੰਦਾ ਨੀਲੀ ਰਾਵੀ ਕੋਈ ਆਖੇ ਪੰਜ ਕਲਿਆਣੀ
ਚਿੱਟੀ ਕਾਲ਼ੀ ਦੇਹ ਤੇ ਫੱਬਦਾ ਫੁੱਲ ਮੱਥੇ ਤੇ ਚਿੱਟਾ, ਚਾਰੇ ਪੈਰੀਂ ਝਾਂਜਰ ਚਿੱਟੀ ਮੱਥੇ ਤੇ ਫੁੱਲ ਚਿੱਟਾ
ਪੂਛ ਸਿਰੇ ਤੋਂ ਚਿੱਟੀ ਤੇਰੇ ਵਰਗਾ ਰੂਪ ਨਾ ਡਿੱਠਾ, ਚਿੱਟੇ ਦੁੱਧ ਦੇ ਸਦਕਾ ਪੈਂਦੀ ਚਾਟੀ ਵਿਚ ਮਧਾਣੀ
ਕੋਈ ਕਹਿੰਦਾ ਨੀਲੀ ਰਾਵੀ ਕੋਈ ਆਖੇ ਪੰਜ ਕਲਿਆਣੀ, ਜੀਭ ਗੁਲਾਬੀ ਬਿੱਲੀਆਂ ਅੱਖਾਂ ਜੁੱਸਾ ਦਰਮਿਆਨਾ
ਇਹਦੇ ਵਰਗੀ ਮਹਿੰ ਨਾ ਦੂਜੀ ਬਹਿ ਕੇ ਵੇਖ ਜਵਾਨਾ, ਸਾਹੀਵਾਲ ਦੇ ਵਾਂਗ ਇਹਦੇ ਨਾਲ਼ ਕਰਿਓ ਨਾ ਵੰਡ ਕਾਣੀ

ਕੋਈ ਕਹਿੰਦਾ ਨੀਲੀ ਰਾਵੀ ਕੋਈ ਆਖੇ ਪੰਜ ਕਲਿਆਣੀ, ਝੋਟੇ ਇਸਦੇ ਸਿਰਕੱਢਵੇਂ ਤੇ ਸੋਹਣੇ ਸਿੰਗਾਂ ਵਾਲ਼ੇ
ਖਿੱਚ ਕੇ ਗੱਡਾ ਲੈ ਜਾਣ ਭਾਵੇਂ ਮਣਾ ਭਾਰ ਕੋਈ ਪਾ ਲਏ, ਨਿੱਗਰ ਪਿੰਡੇ ਵਾਲ਼ੇ ਲਗਦੇ ਦਾਰਾ ਸਿੰਘ ਦੇ ਹਾਣੀ
ਕੋਈ ਕਹਿੰਦਾ ਨੀਲੀ ਰਾਵੀ ਕੋਈ ਆਖੇ ਪੰਜ ਕਲਿਆਣੀ, ਐਪਰ ਖਤਰੇ ਦੇ ਵਿਚ ਲੋਕੋ ਹੋਂਦ ਏਸ ਦੀ ਆਈ
ਇਸਦੀ ਨਸਲ ਸੁਧਾਰ ਲਈ ਯੂਨੀ ਨੇ ਵਿਉਂਤ ਬਣਾਈ, ਖੋਲਿਆ ਖੋਜ ਦਾ ਕੇਂਦਰ ਵਿਚ ਮਾਝੇ ਦੇ ਸ਼ਹਿਰ ਹਰੀਕੇ
ਪਸ਼ੂਧਨ ਸਾਭਣ ਦੇ ਵੀਰੋ ਸਿੱਖ ਲਓ ਨਵੇਂ ਤਰੀਕੇ, ਜੇਕਰ ਨਸਲ ਨਾ ਸਾਂਭੀ ਇਸਦੀ ਹੋ ਜਾਊ ਖਤਮ ਕਹਾਣੀ

ਕੋਈ ਆਖੇ ਨੀਲੀ ਰਾਵੀ ਕੋਈ ਪੰਜ ਕਲਿਆਣੀ, ਲੁਧਿਆਣੇ ਤੋਂ ਸੀਮਨ ਲੈ ਕੇ ਆਸ ਪਸ਼ੂ ਕਰਵਾਈਏ
ਲਈਏ ਨਸਲ ਸੁਧਾਰ ਦੁੱਧ ਦੀ ਪੈਦਾਵਾਰ ਵਧਾਈਏ, ਯੂਨੀਵਰਸਿਟੀ ਤੋਂ ਸਿੱਖੋ ਸਾਇਲੇਜ ਤੇ ਫੀਡ ਬਨਾਣੀ
ਕੋਈ ਕਹਿੰਦਾ ਨੀਲੀ ਰਾਵੀ ਕੋਈ ਆਖੇ ਪੰਜ ਕਲਿਆਣੀ, ਦੁੱਧ ਪੁੱਤ ਕਰਮਾਂ ਦੇ ਨਾਲ ਮਿਲ਼ਦੇ ਪਾਣੀ ਕਦੇ ਨਾ ਪਾਈਏ
ਕੁਮਾਰ ਅਨਿਲ ਫ਼ਲ ਓਹੀ ਮਿਲ਼ਦਾ ਜਿਸਦਾ ਬੂਟਾ ਲਾਈਏ, ਆਖੇ ਅਮਨ ਨਿਮਾਣਾ ਮੇਰੀ ਗੱਲ ਦਾ ਝੂਠ ਨਾ ਜਾਣੀ
ਮਹਿਲ ਮੁਨਾਰੇ ਕਿਸ ਕੰਮ ਦੇ ਜੇ ਰੂਹ ਹੀ ਹੋ ਗਈ ਕਾਣੀ, ਨਕਲੀ ਦੁੱਧ ਪਿਲਾਕੇ ਨਹੀਓਂ ਸਾਂਭੀ ਜਵਾਨੀ ਜਾਣੀ
ਕੋਈ ਕਹਿੰਦਾ ਨੀਲੀ ਰਾਵੀ ਕੋਈ ਆਖੇ ਪੰਜ ਕਲਿਆਣੀ

(ਅਮਨ ਸਿੰਘ ਅਤੇ ਡਾ. ਅਨਿਲ ਕੁਮਾਰ)

## ਨਵੰਬਰ- ਦਸੰਬਰ ਦੌਰਾਨ ਪਸ਼ੂ ਪਾਲਕਾਂ ਲਈ ਮੁੱਖ ਰੁਝੇਵੇਂ

ਸਰਦੀਆਂ ਦੇ ਮੌਸਮ ਦੌਰਾਨ ਪਸ਼ੂਆਂ ਦੀ ਦੇਖਭਾਲ ਬਹੁਤ ਧਿਆਨ ਨਾਲ ਕਰਨੀ ਪੈਂਦੀ ਹੈ। ਮੌਸਮ ਦੇ ਬਦਲਾਅ ਅਤੇ ਖੁਰਾਕੀ ਸੋਮਿਆਂ ਦੀ ਘਾਟ ਨਾਲ ਪਸ਼ੂ ਦਬਾਅ ਵਿੱਚ ਆ ਕੇ ਬਿਮਾਰੀ ਦੀ ਲਪੇਟ ਵਿੱਚ ਆ ਸਕਦੇ ਹਨ। ਕੱਟੜੂ-ਵੱਛੜੂ ਖਾਸ ਤੌਰ ‘’ਤੇ ਠੰਡ ਕਾਰਨ ਬਿਮਾਰ ਹੋ ਜਾਂਦੇ ਹਨ। ਪਸ਼ੂਆਂ ਨੂੰ ਦਿਨ ਵਿੱਚ ਧੁੱਪ ਦੀ ਨਿੱਘ ਅਤੇ ਰਾਤ ਨੂੰ ਅਰਾਮਦਾਇਕ ਸ਼ੈੱਡ ਮਿਲਣਾ ਬਹੁਤ ਜ਼ਰੂਰੀ ਹੈ।

### ਡੇਅਰੀ ਫ਼ਾਰਮਿੰਗ

ਚਾਰਿਆਂ ਵਿੱਚ ਕੀਟਨਾਸ਼ਕ/ ਖਾਦਾਂ ਦੀ ਮਾਤਰਾ ਲੋੜ ਅਨੁਸਾਰ ਹੀ ਵਰਤੋ।

ਪਸ਼ੂਆਂ ਨੂੰ ਗਰਮੀਆਂ ਵਾਲੀ ਖੁਰਾਕ ਦੇ ਮੁਕਾਬਲੇ ਸਰਦੀਆਂ ਦੌਰਾਨ ਵੱਧ ਨਿਸ਼ਾਸਤੇ ਵਾਲੀ ਖੁਰਾਕ ਦਿਉ।

ਸ਼ੈੱਡ ਦੇ ਅੰਦਰ ਸਿੱਧੀ ਧੁੱਪ ਪੈਣ ਦਾ ਇੰਤਜ਼ਾਮ ਕਰੋ। ਧੁੱਪ ਕੁਦਰਤੀ ਕਿਟਾਣੂ ਨਾਸ਼ਕ ਦਾ ਕੰਮ ਕਰਦੀ ਹੈ।

ਪਸ਼ੂਆਂ ਨੂੰ ਤ੍ਰੇਲੇ ਹੋਏ ਪੱਠੇ ਨਾ ਪਾਉ ਇਹ ਪੱਠੇ ਪਸ਼ੂਆਂ ਨੂੰ ਅਫ਼ਾਰਾ ਕਰ ਸਕਦੇ ਹਨ।

### ਬੱਕਰੀ ਪਾਲਣ

ਬੱਕਰੀਆਂ ਵਿੱਚ ਹੇਹੇ ਦੇ ਲੱਛਣਾਂ ਦਾ ਖਿਆਲ ਕਰੋ ਅਤੇ ਨਿਸ਼ਾਨੀਆਂ ਦੇ ਅਨੁਸਾਰ ਮਿਲਾਪ ਕਰਵਾਉ।

ਜੇਕਰ ਬੱਕਰੀ ਨੂੰ ਸਾਹ ਦੀ ਤਕਲੀਫ਼ ਦੇ ਨਾਲ ਬੁਖਾਰ ਹੋਵੇ ਤਾਂ ਤੁਰੰਤ ਜਾਂਚ ਕਰਵਾ ਕੇ ਇਲਾਜ ਕਰਵਾਉ। ਇਹ ਪਾਸਚੱਰੈਲੋਸਿਸ ਬਿਮਾਰੀ ਦੀਆਂ ਨਿਸ਼ਾਨੀਆਂ ਹੋ ਸਕਦੀਆਂ ਹਨ। ਇਲਾਜ ਵਿੱਚ ਦੇਰੀ ਹੋਣ ਨਾਲ ਬੱਕਰੀ ਦੀ ਮੌਤ ਵੀ ਹੋ ਸਕਦੀ ਹੈ।

ਮੂੰਹ-ਖੁਰ ਅਤੇ ਈ ਟੀ ਤੋਂ ਬਚਾਅ ਲਈ ਟੀਕਾਕਰਨ ਕਰਵਾਉ।

### ਮੁਰਗੀ ਪਾਲਣ

ਆਂਡੇ ਦੇਣ ਵਾਲੀਆਂ ਮੁਰਗੀਆਂ ਨੂੰ ਰੋਜ਼ਾਨਾ 16 ਘੰਟੇ ਰੋਸ਼ਨੀ ਜ਼ਰੂਰ ਮਿਲਣੀ ਚਾਹੀਦੀ ਹੈ।

ਆਂਡੇ ਵਾਲੀਆਂ ਮੁਰਗੀਆਂ ਦੀ ਖੁਰਾਕ ਵਿੱਚ ਵਧੀਆ ਮਿਆਰ ਦਾ ਕੈਲਸ਼ੀਅਮ ਹੋਣਾ ਬਹੁਤ ਜ਼ਰੂਰੀ ਹੈ।

ਠੰਡੀ ਹਵਾ ਤੋਂ ਬਚਾਅ ਲਈ ਮੁਰਗੀਆਂ ਦੇ ਸ਼ੈੱਡ ਨੂੰ ਪਰਦਿਆਂ ਨਾਲ ਢਕ ਦਿਉ।

ਸ਼ੈੱਡ ਦੇ ਅੰਦਰ ਨਿੱਘ ਦਾ ਪ੍ਰਬੰਧ ਕਰੋ ਅਤੇ ਦੂਸ਼ਿਤ ਹਵਾ ਦੀ ਨਿਕਾਸੀ ਦਾ ਪ੍ਰਬੰਧ ਕਰੋ।

### ਸੂਰ ਪਾਲਣ

ਸੂਰਾਂ ਦੇ ਸ਼ੈੱਡ ਅੰਦਰ ਫ਼ਰਸ਼ ਵਿੱਚ ਸਿੱਲ੍ਹ ਨਾ ਰਹਿਣ ਦਿਉ।

ਸੂਰਾਂ ਨੂੰ ਚਮੜੀ ਦੀਆਂ ਬਿਮਾਰੀਆਂ ਦੀਆਂ ਨਿਸ਼ਾਨੀਆਂ ਲਈ ਗਹੁ ਨਾਲ ਦੇਖੋ।

### ਮੱਛੀ ਪਾਲਣ

ਤਲਾਅ ਨੂੰ ਰੋਗਾਣੂ ਰਹਿਤ ਕਰਨ ਲਈ ਸੀਫ਼ੈਕਸ( 400 ਮਿ.ਲੀ/ ਏਕੜ) ਜਾਂ ਲਾਲ ਦਵਾਈ (400- 500 ਗ੍ਰਾਮ/ ਏਕੜ) ਵਰਤੋ।

ਆਰਗੂਲਸ ਜੂੰ ਦੇ ਹਮਲੇ ਦੀ ਸੂਰਤ ਵਿੱਚ ਡੈਲਟਾਮੈਥਰਿਨ ਦਵਾਈ (10-15 ਮਿ.ਲੀ/ ਏਕੜ) ਹਫ਼ਤੇ ਦੇ ਅੰਦਰ 3 ਵਾਰੀ ਪਾਉ।

(ਡਾ. ਜਸਵਿੰਦਰ ਸਿੰਘ, ਡਾ. ਅਰੁਨਬੀਰ ਸਿੰਘ, ਡਾ. ਰਾਕੇਸ਼ ਸ਼ਰਮਾ)